MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver


# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL.: 10 ISSUE: 07 SATURDAY, 12 FEBRUARY, 2022
www.punjablinkpaper.com 604-503-5465


Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਅਲਬਰਟਾ ਵਲੋਂ ਸਾਰੀਆਂ ਕੋਵਿਡ-19 ਪਾਬੰਦੀਆਂ ਪੜਾਅ ਵਾਰ ਹਟਾਉਣ ਦਾ ਐਲਾਨ

## ਟੀਕਾ ਪਾਸਪੋਰਟ ਦੇ ਖ਼ਾਤਮੇ ਨਾਲ ਕੀਤੀ ਸ਼ੁਰੂਆਤ

ਐਡਮਿੰਟਨ-ਪ੍ਰੀਮੀਅਰ ਜੈਸਨ ਕੈਨੀ ਨੇ ਐਲਾਨ ਕੀਤਾ ਕਿ ਅਲਬਰਟਾ ਨੇ ਆਉਣ ਵਾਲੇ ਮਹੀਨਿਆਂ ਵਿਚ ਸਾਰੇ ਜਨਤਕ ਸਿਹਤ ਉਪਾਅ ਹਟਾਉਣ ਲਈ ਤਿੰਨ ਪੜਾਵੀ ਪਹੁੰਚ ਦੇ ਪਹਿਲੇ ਕਦਮ ਵਜੋਂ ਮੰਗਲਵਾਰ ਅੱਧੀ ਰਾਤ ਤੋਂ ਸੂਬਾ ਪਾਬੰਦੀਆਂ ਛੋਟ ਪ੍ਰੋਗਰਾਮ ਨੂੰ ਹਟਾ ਲਿਆ ਹੈ। ਕੈਨੀ ਨੇ ਦੱਸਿਆ ਕਿ ਆਰਈਪੀ, ਵੈਕਸੀਨ ਪਾਸਪੋਰਟ ਸਿਸਟਮ ਹੁਣ ਕਿਸੇ ਵੀ ਉਦੇਸ਼ ਦੀ ਪੂਰਤੀ ਨਹੀਂ ਕਰਦਾ ਕਿਉਂਕਿ ਅਲਬਰਟਾ ਟੀਕਾਕਰਣ ਦਰ ਹਫ਼ਤਿਆਂ ਤੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਜਾਮ ਪਈ ਹੈ। ਸੂਬਾ ਯੋਜਨਾ ਦੇ ਪਹਿਲੇ ਪੜਾਅ ਵਿਚ 500 ਲੋਕਾਂ ਤੋਂ ਘੱਟ ਸਮਰਥਾ ਵਾਲੀਆਂ ਥਾਵਾਂ 'ਤੇ ਇਕੱਠ ਦੀਆਂ ਪਾਬੰਦੀਆਂ ਨੂੰ ਹਟਾ ਦਿੱਤਾ ਜਾਵੇਗਾ। ਦਰਸ਼ਕਾਂ ਵਿਚ ਬੈਠੇ ਹੋਣ 'ਤੇ ਭੋਜਨ ਤੇ ਪੀਣ ਵਾਲੇ ਪਦਾਰਥਾਂ ਦੀ ਵਿਕਰੀ 'ਤੇ ਪਾਬੰਦੀਆਂ ਹੁਣ ਪ੍ਰਭਾਵੀ ਨਹੀਂ ਰਹਿਣਗੀਆਂ। ਪਾਬੰਦੀਆਂ ਛੋਟ ਪ੍ਰੋਗਰਾਮ ਨੇ ਆਪਣਾ ਲਾਭਦਾਇਕ ਉਦੇਸ਼ ਪੂਰਾ ਕੀਤਾ ਹੈ। ਇਸ ਨੇ ਆਪਣਾ ਕੰਮ ਪੂਰਾ ਕਰ ਲਿਆ ਹੈ, ਇਸ ਨਾਲ ਟੀਕਾਕਰਣ ਦੀ ਦਰ ਹੁਣ ਵਧ ਨਹੀਂ ਰਹੀ। ਜਿਵੇਂ ਬਿਮਾਰੀ ਬਦਲਦੀ ਹੈ ਤਾਂ ਸਾਡੀ ਕੋਵਿਡ ਪ੍ਰਤੀ ਪਹੁੰਚ ਵੀ ਬਦਲਣੀ ਜ਼ਰੂਰੀ ਹੈ। ਮਨੋਰੰਜਨ ਵਾਲੀਆਂ ਥਾਵਾਂ 'ਤੇ ਇਕੱਠੇ ਬੈਠਣ ਵਾਲੇ ਲੋਕਾਂ ਦੀ ਗਿਣਤੀ "ਤੇ ਪਾਬੰਦੀ ਜਾਰੀ ਰਹੇਗੀ। ਸ਼ਰਾਬ ਕਿੰਨੀ ਦੇਰ ਤਕ ਦਿੱਤੀ ਜਾ ਸਕਦੀ ਹੈ ਅਤੇ ਸਥਾਨ




ਕਿੰਨ ਦੇਰ ਤਕ ਖੁਲ੍ਹੇ ਰਹਿ ਸਕਦੇ ਹਨ ਇਸ ਸਬੰਧੀ ਪਾਬੰਦੀਆਂ ਜਾਰੀ ਰਹਿਣਗੀਆਂ। 500 ਤੋਂ 1000 ਵਿਅਕਤੀਆਂ ਤਕ ਦੀ ਸਮਰਥਾ ਵਾਲੀਆਂ ਥਾਵਾਂ 500 ਲੋਕਾਂ ਦੇ ਦਾਖਲੇ ਤਕ ਸੀਮਤ ਰਹਿਣਗੀਆਂ ਜਦਕਿ 1000 ਵਿਅਕਤੀਆਂ ਤੋਂ ਉਪਰ ਦੀ ਸਮਰਥਾ ਵਾਲੇ ਸਥਾਨਾਂ ਅੰਦਰ ਦਾਖਲੇ ਦੀ ਸਮਰਥਾ 50 ਫ਼ੀਸਦੀ ਤਕ ਸੀਮਤ ਰਹੇਗੀ। ਇਸ ਵੀਕਐਂਡ ਤੋਂ ਕਿੰਡਰਗਾਰਟਨ ਤੋਂ 12ਵੀਂ ਕਲਾਸ ਤਕ ਦੇ ਵਿਦਿਆਰਥੀਆਂ ਲਈ ਮਾਸਕ ਪਹਿਨਣਾ ਲਾਜ਼ਮੀ ਨਹੀਂ ਰਹੇਗਾ। ਦੂਸਰਾ ਪੜਾਅ ਜਿਹੜਾ ਇਕ ਮਾਰਚ ਤੋਂ ਸ਼ੁਰੂ ਹੋਵੇਗਾ ਤਹਿਤ ਸਕੂਲਾਂ ਅਤੇ ਯੂਥ ਸਰਗਰਮੀਆਂ ਤੋਂ ਪਹਿਲਾਂ ਹੈਲਥ ਜਾਂਚ ਕਰਨ ਦੀਆਂ ਬਾਕੀ ਰਹਿੰਦੀਆਂ

*(ਬਾਕੀ ਸਫ਼ਾ 10 'ਤੇ)*

### ਅਲਬਰਟਾ ਤੋਂ ਪਹਿਲਾਂ ਹੋਰ ਸੂਬਿਆਂ ਨੇ ਪਾਬੰਦੀਆਂ ਹਟਾਉਣ ਦਾ ਕੀਤਾ ਸੀ ਐਲਾਨ

ਇਸ ਤੋਂ ਪਹਿਲਾਂ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੜਾਅ ਵਾਰ ਪਹੁੰਚ ਵਿਚ ਆਪਣੇ ਮਹਾਂਮਾਰੀ ਜਨਤਕ ਸਿਹਤ ਹੁਕਮਾਂ ਨੂੰ ਹਟਾਉਣਾ ਸ਼ੁਰੂ ਕਰ ਦੇਵੇਗੀ ਅਤੇ ਇਸ ਦੀ ਸ਼ੁਰੂਆਤ ਟੀਕਾ ਪਾਸਪੋਰਟ ਨੀਤੀ ਨੂੰ ਖਤਮ ਕਰਨ ਨਾਲ ਹੋਈ ਹੈ। ਸਸਕੈਚਵਨ ਵਿਚ ਲਾਜ਼ਮੀ ਮਾਸਕ ਪਹਿਨਣ ਅਤੇ ਜੇਕਰ ਕਿਸੇ ਦਾ ਵਾਇਰਸ ਟੈਸਟ ਪਾਜ਼ੇਟਿਵ ਆਉਂਦਾ ਹੈ ਤਾਂ ਸਵੈ-ਇਕਾਂਤਵਾਸ ਹੋਣ ਦੀ ਸ਼ਰਤ ਮਹੀਨੇ ਦੇ ਅਖੀਰ ਵਿਚ ਖਤਮ ਕਰ ਦਿੱਤੀ ਜਾਵੇਗੀ। ਕਿਊਬਕ ਨੇ ਵੀ ਕਿਹਾ ਕਿ ਉਹ 14 ਮਾਰਚ ਤਕ ਬਹੁਤੀਆਂ ਪਾਬੰਦੀਆਂ ਹਟਾ ਦੇਵੇਗਾ। ਪ੍ਰਿੰਸ ਐਡਵਰਡ ਆਈਲੈਂਡ ਨੇ ਅਪ੍ਰੈਲ ਦੇ ਸ਼ੁਰੂ ਤਕ ਬਹੁਤੇ ਉਪਾਵਾਂ ਨੂੰ ਖਤਮ ਕਰਨ ਲਈ ਪੜਾਅਵਾਰ ਯੋਜਨਾ ਦਾ ਐਲਾਨ ਕੀਤਾ ਹੈ।

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury



Adam Ueland
LAWYER

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 07 SATURDAY, 12 FEBRUARY, 2022
www.punjablinkpaper.com 604-503-5465

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store · Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਗੌਤਮ ਅਡਾਨੀ ਬਣੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ



ਨਵੀਂ ਦਿੱਲੀ-ਭਾਰਤ ਦੇ ਕੋਲਾ ਖਣਨ ਕਾਰੋਬਾਰੀ ਗੌਤਮ ਅਡਾਨੀ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। 'ਗਾਰਡੀਅਨ' ਦੀ ਰਿਪੋਰਟ ਮੁਤਾਬਕ ਗਰੀਨ ਐਨਰਜੀ ਕਾਰੋਬਾਰ 'ਚ ਦਾਖਲੇ ਨਾਲ ਉਨ੍ਹਾਂ ਦੀ ਕੁੱਲ ਜਾਇਦਾਦ ਵਧ ਕੇ 88.5 ਅਰਬ ਡਾਲਰ ਹੋ ਗਈ ਹੈ। ਅਡਾਨੀ ਆਪਣੇ ਹਮਵਤਨ ਮੁਕੇਸ਼ ਅੰਬਾਨੀ ਨੂੰ ਪਛਾੜ ਕੇ ਦੁਨੀਆ ਦੇ 10 ਸਭ ਤੋਂ ਅਮੀਰ ਲੋਕਾਂ ਸ਼ਾਮਲ ਹੋ ਗਏ ਹਨ। ਰਿਪੋਰਟ ਅਨੁਸਾਰ ਫੋਰਬਸ ਅਤੇ ਬਲੂਮਬਰਗ ਦੇ ਅੰਕੜਿਆਂ ਮੁਤਾਬਕ ਗੌਤਮ ਅਡਾਨੀ ਦੀ ਜਾਇਦਾਦ 'ਚ ਪਿਛਲੇ ਸਾਲ ਨਾਲੋਂ 12 ਅਰਬ ਡਾਲਰ ਦਾ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਗੌਤਮ ਅਡਾਨੀ ਦੇ ਅਡਾਨੀ ਗਰੁੱਪ ਕੋਲ ਆਪਣੇ ਗ੍ਰਹਿ ਸੂਬੇ ਗੁਜਰਾਤ ਵਿੱਚ ਦੇਸ਼ ਦੀ ਸਭ ਤੋਂ ਵੱਡੀ ਮੁੰਦਰਾ ਬੰਦਰਗਾਹ ਦਾ ਕੰਟਰੋਲ ਹੈ। ਉਨ੍ਹਾਂ ਕੋਲ ਮੁੰਬਈ ਕੌਮਾਂਤਰੀ ਹਵਾਈ ਅੱਡੇ ਦੀ 74 ਫ਼ੀਸਦੀ ਹਿੱਸੇਦਾਰੀ ਵੀ ਹੈ। ਪਰ, ਰਿਪੋਰਟ ਮੁਤਾਬਕ ਗੌਤਮ ਅਡਾਨੀ ਦੀ ਜਾਇਦਾਦ ਵਿੱਚ ਮੁੱਖ ਵਾਧਾ ਉਨ੍ਹਾਂ ਦੀ ਕੰਪਨੀ ਅਡਾਨੀ ਗਰੀਨ ਐਨਰਜੀ ਸਦਕਾ ਹੋਇਆ ਹੈ, ਜਿਸ ਦੇ ਸ਼ੇਅਰਾਂ ਦੀ ਕੀਮਤ ਪਿਛਲੇ 12 ਮਹੀਨਿਆਂ ਦੌਰਾਨ ਲੱਗਪਗ ਦੁੱਗਣੀ ਹੋ ਗਈ ਹੈ। ਕੰਪਨੀ ਵੱਲੋਂ ਦੁਨੀਆ ਦਾ ਨਵਿਆਉਣਯੋਗ ਊਰਜਾ' ਵਿੱਚ 2030 ਤੱਕ 70 ਅਰਬ ਡਾਲਰ ਨਿਵੇਸ਼ ਕੀਤਾ ਜਾ ਰਿਹਾ ਹੈ।

# ਡੇਰਾ ਸਿਰਸਾ ਦੇ ਮੁਖੀ ਨੂੰ 21 ਦਿਨ ਲਈ ਪੈਰੋਲ ਤੇ ਰਿਹਾਈ

**• ਭਾਜਪਾ ਵੱਲੋਂ ਪੰਜਾਬ ਚੋਣਾਂ ਵਿਚ ਲਾਹਾ ਲੈਣ ਦਾ ਯਤਨ • ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਵੱਲੋਂ ਪੈਰੋਲ ਰੱਦ ਕਰਨ ਦੀ ਮੰਗ**

ਅੰਮ੍ਰਿਤਸਰ-ਬਲਾਤਕਾਰ ਤੇ ਕਤਲ ਦੇ ਗੰਭੀਰ ਦੋਸ਼ਾਂ ਹੇਠ ਹਰਿਆਣਾ ਦੀ ਸੁਨਾਰੀਆ ਜੇਲ ਵਿਚ ਪਿਛਲੇ ਤਿੰਨ ਸਾਲ ਤੋ ਉਪਰ ਸਮੇ ਤੋ ਬੰਦ ਡੇਰਾ ਸਿਰਸਾ ਦੇ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਨੂੰ 21 ਦਿਨ ਦੀ ਪੈਰੋਲ ਦਿੱਤੇ ਜਾਣ ਦਾ ਪੰਜਾਬ ਚੋਣਾਂ ਦੌਰਾਨ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਭਾਜਪਾ ਸਰਕਾਰ ਨੇ ਚੋਣਾ ਵਿਚ ਲਾਹਾ ਲੈਣ ਲਈ ਬਾਬੇ ਨੂੰ ਪੈਰੋਲ ਦਿਵਾਈ ਹੈ। ਉਧਰ ਹਰਿਆਣਾ ਦੇ ਮੁੱਖ ਮੰਤਰੀ ਨੇ ਇਸਨੂੰ ਕਨੂੰਨੀ ਮੁੱਦਾ ਦੱਸਿਆ ਹੈ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਕਰਦਿਆਂ ਉਸ ਦੀ ਰਿਹਾਈ ਰੱਦ ਕਰਨ ਦੀ ਮੰਗ ਕੀਤੀ ਹੈ। ਸਿੱਖ ਧਾਰਮਿਕ ਆਗੂਆਂ ਨੇ ਆਖਿਆ ਕਿ ਇਹ ਫੈਸਲਾ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ, ਜਿਸ 'ਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਡੇਰਾ ਮੁਖੀ ਜਿਥੇ ਜਬਰ-ਜਨਾਹ ਅਤੇ ਕਤਲ ਵਰਗੇ ਸੰਗੀਨ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾ ਹੈ, ਉਥੇ ਹੀ ਬਰਗਾੜੀ 'ਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨਾਲ ਵੀ ਉਸ ਦਾ ਸਿੱਧਾ ਸਬੰਧ ਜੁੜਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਰਲ ਕੇ ਰਾਜਸੀ ਖੇਡ ਖੇਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਮੌਕੇ ਭਾਜਪਾ ਰਾਜਸੀ ਲਾਹਾ ਲੈਣ ਦੇ ਮੰਤਵ ਨਾਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਇਸ ਫੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸਿੱਖਾਂ ਤੋਂ ਇਸ ਗਲਤੀ ਦੀ ਮੁਆਫ਼ੀ ਵੀ ਮੰਗੇ। ਉਨ੍ਹਾਂ ਕਿਹਾ ਕਿ ਸਜ਼ਾਵਾਂ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਸਿੱਖ ਬੰਦੀ ਜੇਲ੍ਹਾਂ ਵਿਚ ਬੰਦ ਹਨ ਪਰ ਉਨ੍ਹਾਂ ਨੂੰ ਨਾ ਤਾਂ ਪੈਰੋਲ ਅਤੇ ਨਾ ਹੀ ਰਿਹਾਅ ਕੀਤਾ ਜਾ ਰਿਹਾ ਹੈ ਜਦਕਿ ਡੇਰਾ ਮੁਖੀ ਨੂੰ ਬਿਨਾਂ ਲੋੜ 'ਤੇ ਹੀ ਫਰਲੋ ਦਿੱਤੀ ਜਾ ਰਹੀ ਹੈ, ਜੋ ਸਿੱਖ ਭਾਈਚਾਰੇ ਨਾਲ ਵਿਤਕਰੇ ਵਾਲੇ ਵਤੀਰੇ ਦਾ ਪ੍ਰਮਾਣ ਹੈ। ਇਸ ਦੌਰਾਨ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਲੈਣ ਲਈ ਰਾਮ ਰਹੀਮ ਨੂੰ ਛੱਡਿਆ ਜਾ ਰਿਹਾ ਹੈ ਅਤੇ ਇਹ ਭਾਜਪਾ ਦੇ ਇਸ਼ਾਰੇ 'ਤੇ ਹੋਇਆ ਹੈ। ਉਨ੍ਹਾਂ ਕਿਹਾ ਕਿ ਮਾਲਵਾ ਖੇਤਰ ਵਿਚ ਡੇਰਾ ਪ੍ਰੇਮੀਆਂ ਦੀਆਂ ਵੋਟਾਂ 'ਤੇ ਸਾਰੀਆਂ ਹੀ ਪਾਰਟੀਆਂ ਦੀ ਨਿਗਾਹ ਹੈ ਅਤੇ ਭਾਜਪਾ ਵਲੋਂ ਡੇਰੇ ਦੀ ਵੋਟ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਇਹ ਚਾਲ ਖੇਡੀ ਗਈ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਨੂੰ ਕਰਾਰੀ ਹਾਰ ਦੇ ਕੇ ਸਬਕ ਸਿਖਾਉਣ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
www.ghainotary.ca
#151-12899 80th Ave, Surrey
Email: aanchal@ghainotary.ca

# ਹਿੰਦੂ ਭਾਈਚਾਰੇ ਵੱਲੋਂ ਭਗਵਾਨ ਗਣੇਸ਼ ਦੀ ਫੋਟੋ ਹੇਠਾਂ ਅਣਉਚਿਤ ਭਾਸ਼ਾ ਵਰਤਣ ਵਿਰੁੱਧ ਸਰੀ 'ਚ ਰੋਸ ਪ੍ਰਦਰਸ਼ਨ

ਸਰੀ, (ਹਰਦਮ ਮਾਨ)-ਵੈਦਿਕ ਹਿੰਦੂ ਕਲਚਰਲ ਸੁਸਾਇਟੀ ਦੀ ਅਗਵਾਈ ਹੇਠ ਸੈਂਕੜੇ ਲੋਕਾਂ ਨੇ ਸਰੀ ਦੇ ਲਕਸ਼ਮੀ ਨਰਾਇਣ ਮੰਦਿਰ ਵਿੱਚ ਇਕੱਠੇ ਹੋ ਕੇ ਬੀ. ਸੀ. ਵਿਚ ਇੱਕ ਹਿੰਦੂ ਦੇਵਤੇ ਦੀ ਅਪਮਾਨਜਨਕ ਵਰਤੋਂ ਕਰਨ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ।


## BUSY BOYS ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation





C: 604.837.3101
O: 778.590.5906

#111-8132 130th St., Surrey BC
busyboyslectrical@gmail.com
www.busyboyselectrical.com

ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ





ਪ੍ਰਦਰਸ਼ਨਕਾਰੀਆਂ ਨੇ ਕੰਪਨੀ, ਬਿਗ ਡੀ-ਕੇ ਐਨਰਜੀ ਕੋਚਿੰਗ ਵੱਲੋਂ ਭਗਵਾਨ ਗਣੇਸ਼ ਦੀ ਫੋਟੋ ਦੇ ਹੇਠਾਂ ਅਣਉਚਿਤ ਭਾਸ਼ਾ ਦੀ ਵਰਤੋਂ ਕਰਨ ਦਾ ਦੋਸ਼ ਲਾਇਆ। ਪ੍ਰਦਰਸ਼ਨਕਾਰੀਆਂ ਨੇ ਆਪਣੇ ਹੱਥਾਂ ਵਿਚ ਬੈਨਰ, ਮਾਟੋ ਫੜ੍ਹ ਕੇ ਲਕਸ਼ਮੀ ਨਰਾਇਣ ਮੰਦਰ ਤੋਂ ਕਿੰਗ ਜਾਰਜ ਬੁਲੇਵਾਰਡ ਅਤੇ 88 ਐਵੇਨਿਊ ਦੇ ਕੋਨੇ ਤੱਕ ਮਾਰਚ ਵੀ ਕੀਤਾ। ਇਸ ਮੌਕੇ ਬੋਲਦਿਆਂ ਪ੍ਰਬੰਧਕੀ ਕਮੇਟੀ ਦੇ ਬੁਲਾਰੇ ਤਰਨਾ ਐਮ। ਕੌਰ ਨੇ ਕਿਹਾ ਕਿ ਕਿਸੇ ਭਾਈਚਾਰੇ ਦੇ ਵਿਸ਼ਵਾਸ ਨੂੰ ਸਿਰਫ਼ ਆਪਣੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਦੱਖਣੀ ਏਸ਼ੀਆਈ ਭਾਈਚਾਰੇ ਦੇ ਕਈ ਮੈਂਬਰਾਂ ਨੇ ਉਸ ਕੰਪਨੀ ਦੇ ਮਾਲਕ ਕੋਲ ਪਹੁੰਚ ਕੀਤੀ ਹੈ ਅਤੇ ਉਸ ਨੇ ਦੇਵਤੇ ਦੀ ਤਸਵੀਰ ਹਟਾਉਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਵੱਲੋਂ ਲੋਗੋ ਤੋਂ ਚਿੱਤਰ ਨੂੰ ਹਟਾਉਣ ਲਈ ਇੱਕ ਔਨਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ, ਜਿਸ 'ਤੇ ਹੁਣ ਤੱਕ 2,500 ਤੋਂ ਵੱਧ ਦਸਤਖਤ ਹੋ ਚੁੱਕੇ ਹਨ। ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਨੇ ਕਿਹਾ ਕਿ ਭਾਈਚਾਰਾ ਕੰਪਨੀ ਦੇ ਮਾਲਕ ਨੂੰ ਲੋਗੋ ਤੋਂ ਗਣੇਸ਼ ਦੀ ਤਸਵੀਰ ਹਟਾਉਣ ਲਈ ਕਹਿ ਰਿਹਾ ਹੈ। ਸਰੀ ਦੇ ਸੰਸਦ ਮੈਂਬਰ ਰਣਦੀਪ ਸਰਾਏ ਅਤੇ ਸੁੱਖ ਧਾਲੀਵਾਲ ਨੇ ਲੋਗੋ ਤੋਂ ਚਿੱਤਰ ਨੂੰ ਹਟਾਉਣ ਦਾ ਸਮਰਥਨ ਕੀਤਾ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਹੋਰ ਸਿਆਸਤਦਾਨ ਵੀ ਜਨਤਕ ਤੌਰ 'ਤੇ ਦੇਵਤੇ ਦੇ ਚਿੱਤਰ ਦੀ ਵਰਤੋਂ ਦੀ ਨਿੰਦਾ ਕਰਨਗੇ। ਹਿੰਦੂ ਭਾਈਚਾਰੇ ਦੇ ਮੈਂਬਰਾਂ ਨੇ ਆਰਸੀਐਮਪੀ ਨਾਲ ਸੰਪਰਕ ਕੀਤਾ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੇ। ਤਰਨਾ ਐਮ। ਕੌਰ ਨੇ ਇਹ ਵੀ ਕਿਹਾ ਕਿ ਸਾਨੂੰ ਕੋਈ ਕਾਰਵਾਈ ਕਰਨੀ ਪਵੇਗੀ ਕਿਉਂਕਿ ਅਸੀਂ ਇਸ ਤਰ੍ਹਾਂ ਦਾ ਨਿਰਾਦਰ ਬਰਦਾਸ਼ਤ ਨਹੀਂ ਕਰ ਸਕਦੇ।

## ਸਸਕੈਚਵਨ ਵਲੋਂ ਟੀਕਾਕਰਣ ਸਬੂਤ ਨੀਤੀ ਤੇ ਮਾਸਕ ਨਿਯਮਾਂ ਨੂੰ ਮਹੀਨੇ ਦੇ ਅਖੀਰ 'ਚ ਹਟਾਉਣ ਦਾ ਐਲਾਨ

ਸਸਕਾਟੂਨ-ਸਸਕੈਚਵਨ ਸਰਕਾਰ ਨੇ ਅਗਲੇ ਮਹੀਨੇ ਦੌਰਾਨ ਆਪਣੀਆਂ ਕੋਵਿਡ-19 ਟੀਕਾਕਰਣ ਦਾ ਸਬੂਤ ਤੇ ਮਾਸਕ ਨੀਤੀਆਂ ਨੂੰ ਹਟਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਪ੍ਰੀਮੀਅਰ ਸਕੌਟ ਮੋ ਨੇ ਐਲਾਨ ਕੀਤਾ ਕਿ ਟੀਕਾਕਰਣ ਦਾ ਸਬੂਤ ਨੀਤੀ 14 ਫਰਵਰੀ ਤੋਂ ਰਾਤ 12 ਵਜੇ ਤੋਂ ਖਤਮ ਕਰ ਦਿੱਤੀ ਜਾਵੇਗੀ। ਮਾਸਕ ਪਹਿਨਣਾ ਫਰਵਰੀ ਦੇ ਅਖੀਰ ਤਕ ਜਾਰੀ ਰਹੇਗਾ। ਇਸ ਨੀਤੀ ਦਾ ਕੰਮ ਖਤਮ ਹੋਣ ਕਾਰਨ ਅਸੀਂ ਇਸ ਨੂੰ ਹਟਾਉਣ ਦੇ ਯੋਗ ਹੋਏ ਹਾਂ। ਜਦੋਂ ਦਾ ਇਸ ਨੂੰ ਸੂਬੇ ਵਿਚ ਲਾਗੂ ਕੀਤਾ ਹੈ ਉਸ ਸਮੇਂ ਤੋਂ ਸਾਡੀ ਟੀਕਾਕਰਣ ਦਰ ਕਾਫੀ ਵਧ ਗਈ ਹੈ। ਸੂਬੇ ਨੇ ਕਿਹਾ ਕਿ ਟੀਕਾਕਰਣ ਦੇ ਸਬੂਤ ਦਾ ਰਿਕਾਰਡਸ ਅਤੇ ਕਿਊਆਰ ਕੋਡ ਯਾਤਰਾ ਦੌਰਾਨ ਜਾਂ ਦੂਸਰੇ ਰਾਜਾਂ ਵਿਚ ਵਰਤੋਂ ਲਈ ਲਗਾਤਾਰ ਉਪਲਬਧ ਰਹਿਣਗੇ। ਮੋ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਹੈ ਕਿ ਟੀਕਾਕਰਣ ਦਾ ਸਬੂਤ ਨੀਤੀ ਨੇ ਸੂਬੇ ਵਿਚ ਵੰਡ ਪੈਦਾ ਕੀਤੀ ਪਰ ਦੇਖਿਆ ਕਿ ਇਸ ਨਾਲੋਂ ਲਾਭ ਜ਼ਿਆਦਾ ਰਹੇ ਹਨ।


## MORTGAGE

If you are paying more than


1.30%*

(5 Years VIRM 30 Years Ammortization)

Call us NOW to Lower your Rate!



Raj Gill has "NO STRESS MORTGAGE"



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca



## JJB INSURANCE

Sarban Singh Sidhu
604-507-6866
#1, 13791, 72 AVE, SURREY (NEAR FRUITICANA)

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available






# ਓਟਵਾ ਡਾਊਨਟਾਊਨ ਵਿਚ ਖੜੇ ਲਗਪਗ 100 ਟਰੱਕਾਂ ਦੇ ਅੰਦਰ ਬੱਚੇ ਮੌਜੂਦ-ਪੁਲਿਸ

ਓਟਵਾ-ਪੁਲਿਸ ਨੇ ਦੱਸਿਆ ਕਿ ਟਰੱਕ ਡਰਾਈਵਰਾਂ ਦੇ ਪ੍ਰਦਰਸ਼ਨ ਦੇ ਹਿੱਸੇ ਵਜੋਂ ਡਾਊਨਟਾਊਨ ਓਟਵਾ ਵਿਚ ਖੜੀਆਂ ਮੋਟਰ ਗੱਡੀਆਂ ਵਿਚ ਲਗਪਗ ਇਕ ਚੌਥਾਈ ਵਿਚ ਅੰਦਰ ਬੱਚੇ ਰਹਿ ਰਹੇ ਹਨ ਅਤੇ ਅਧਿਕਾਰੀ ਉਨ੍ਹਾਂ ਦੀ ਸੁਰੱਖਿਆ ਬਾਰੇ ਚਿੰਤਤ ਹਨ। ਡਿਪਟੀ ਚੀਫ਼ ਸਟੀਵ ਬੈੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਡਾਊਨਟਾਊਨ ਵਿਚ ਖੜੇ 400 ਤੋਂ ਵੀ ਵੱਧ ਟਰੱਕਾਂ ਵਿਚੋਂ 25 ਫ਼ੀਸਦੀ ਵਿਚ ਅੰਦਰ ਬੱਚੇ ਰਹਿ ਰਹੇ ਹਨ। ਇਸ ਤੋਂ ਅਸੀਂ ਬਹੁਤ ਚਿੰਤਤ ਹਾਂ। ਅਸੀਂ ਕਾਰਬਨ ਮੋਨੋਅਕਸਾਈਡ ਗੈਸ ਅਤੇ ਧੂੰਏ, ਸ਼ੋਰ ਦੇ ਪੱਧਰ ਦੇ ਖ਼ਤਰੇ ਤੋਂ ਲੈ ਕੇ ਠੰਢ, ਸਵੱਛਤਾ ਤਕ ਪਹੁੰਚ ਅਤੇ ਉਨ੍ਹਾਂ ਦੇ ਨਹਾਉਣ ਦੇ ਯੋਗ ਨਾ ਹੋਣ ਨੂੰ ਲੈ ਕੇ ਚਿੰਤਤ ਹਾਂ। ਬੈੱਲ ਨੇ ਦੱਸਿਆ ਕਿ ਇਹ ਕੁਝ ਚੀਜ਼ਾਂ ਹਨ ਜਿਨ੍ਹਾਂ ਨੂੰ ਹੱਲ ਕਰਨ ਦੀ ਪੁਲਿਸ ਨੂੰ ਲੋੜ ਹੈ ਅਤੇ ਕੀ ਕਦਮ ਚੁੱਕੇ ਜਾਣ, ਇਸ ਬਾਰੇ ਉਹ ਚਿਲਡਰਨਸ ਏਡ ਸੁਸਾਇਟੀ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ। ਪੁਲਿਸ ਨੇ ਡਾਊਨਟਾਊਨ ਟਰੱਕ ਪ੍ਰਦਰਸ਼ਨ ਦੇ ਸਬੰਧ ਵਿਚ 23 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 1300 ਤੋਂ ਵੀ ਵੱਧ ਵਿਅਕਤੀਆਂ ਨੂੰ ਟਿਕਟਾਂ ਜਾਰੀ ਕੀਤੀਆਂ ਹਨ। ਕਈ ਮੋਟਰ ਗੱਡੀਆਂ ਨੂੰ ਜ਼ਬਤ ਕੀਤਾ ਗਿਆ ਹੈ ਅਤੇ ਟੋਅ ਕਰਕੇ ਲਿਜਾਇਆ ਗਿਆ ਹੈ ਜਿਨ੍ਹਾਂ ਵਿਚ ਇਕ ਚੋਰੀ ਦਾ ਟਰੱਕ ਵੀ ਸ਼ਾਮਿਲ ਹੈ। ਪੁਲਿਸ ਨੇ ਦੱਸਿਆ ਕਿ ਰੈੱਡ ਜ਼ੋਨ ਵਿਚ 418 ਮੋਟਰ ਗੱਡੀਆਂ ਮੌਜੂਦ ਹਨ ਅਤੇ ਲਗਪਗ 100 ਮੁਜ਼ਾਹਰਾਕਾਰੀ ਵੇਲਿੰਗਟਨ ਸਟਰੀਟ ਕੋਰੀਡੋਰ 'ਤੇ ਮੌਜੂਦ ਹਨ।

# ਬੀਸੀ ਦੇ ਬਦਨਾਮ ਗੈਂਗਸਟਰ ਜਿਮੀ ਸੰਧੂ ਦੀ ਥਾਈਲੈਂਡ ਵਿਚ ਗੋਲੀਆਂ ਮਾਰ ਕੇ ਹੱਤਿਆ

ਵੈਨਕਵੂਰ-ਥਾਈਲੈਂਡ ਵਿਚ ਬ੍ਰਿਟਿਸ਼ ਕੋਲੰਬੀਆ ਦੇ ਬਦਨਾਮ ਗੈਂਗਸਟਰ ਜਿਮੀ (ਸਲਾਈਸ) ਸੰਧੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਕੰਬਾਈਨਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਨੇ ਕਿਹਾ ਕਿ ਯੂਐਨ ਗੈਂਗਸਟਰ ਸੰਧੂ ਦੀ ਥਾਈਲੈਂਡ ਵਿਚ ਕਤਲ ਦੀ ਗੂੰਜ ਚਰਚਾ ਬੀਸੀ ਵਿਚ ਸੁਣੀ ਜਾ ਸਕਦੀ ਹੈ। ਸੰਧੂ ਦੀ ਥਾਈਲੈਂਡ ਵਿਚ ਫੁਕੇਟ ਵਿਚ ਉਸ ਦੇ ਬੀਚਸਾਈਡ ਵਿਲਾ ਨੇੜੇ ਕੀਤੀਆਂ ਹੱਤਿਆ ਪਿੱਛੋਂ ਬੀਸੀ ਦੀ ਐਂਟੀ ਗੈਂਗ ਟਾਸਕ ਫੋਰਸ ਸੰਭਾਵਤ ਜਵਾਬੀ ਕਾਰਵਾਈ ਰੋਕਣ ਲਈ ਕੰਮ ਕਰ ਰਹੀ ਹੈ। 2016 ਵਿਚ ਗੰਭੀਰ ਅਪਰਾਧਾਂ ਕਾਰਨ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੇ ਬਾਵਜੂਦ ਭਾਰਤ ਦੇ ਜੰਮਪਲ ਸੰਧੂ ਦਾ ਬੀਸੀ ਵਿਚ ਲਗਾਤਾਰ ਨਾਂਅ ਚਲਦਾ ਰਿਹਾ ਹੈ। ਥਾਈਲੈਂਡ ਦੀ ਪੁਲਿਸ ਨੇ ਕਿਹਾ ਕਿ ਉਹ ਰਾਤ 10.30 ਵਜੇ ਸੀਸੀਟੀਵੀ ਕੈਮਰੇ ਵਿਚ ਕੈਦ ਹੋਏ ਦੋ ਵਿਅਕਤੀਆਂ ਦੀ ਭਾਲ ਕਰ ਰਹੀ ਹੈ ਜਿਨ੍ਹਾਂ ਨੇ ਸੰਧੂ ਨੂੰ ਬੀਚਸਾਈਡ ਹੋਟਲ ਦੀ ਕਾਰ ਪਾਰਕਿੰਗ ਵਿਚ ਖਿੱਚ ਕੇ ਲਿਆਉਣ ਪਿੱਛੋਂ ਗੋਲੀਆਂ ਮਾਰੀਆਂ ਸਨ। ਉਸ ਦੀ ਲਾਸ਼ ਦੂਸਰੇ ਦਿਨ ਸਵੇਰੇ 6.30 ਵਜੇ ਬਰਾਮਦ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਸੰਧੂ 27 ਜਨਵਰੀ ਨੂੰ ਇਥੇ ਆਇਆ ਸੀ ਅਤੇ ਹੋਟਲ ਦੇ ਵਿਲਾ ਵਿੰਗ ਵਿਚ ਰਹਿ ਰਿਹਾ ਸੀ। ਸੰਧੂ ਬੀਸੀ ਦਾ ਪਹਿਲਾ ਗੈਂਗਸਟਰ ਨਹੀਂ ਜਿਸ ਦਾ ਵਿਦੇਸ਼ ਵਿਚ ਕਤਲ ਕੀਤਾ ਗਿਆ ਹੈ। ਹੋਰ ਗੈਂਗਸਟਰ ਵੀ ਅਰਜਨਟੀਨਾ ਤੇ ਮੈਕਸੀਕੋ ਵਿਚ ਮਾਰੇ ਗਏ ਹਨ। ਜਦੋਂ ਸੰਧੂ ਦੇ ਕਤਲ ਦੀ ਖ਼ਬਰ ਆਈ ਤਾਂ ਕੁਝ ਬੀਕੇ ਗੈਂਗਸਟਰਾਂ ਨੇ ਸੋਸ਼ਲ ਮੀਡੀਆ ਪੋਸਟਾਂ ਪਾ ਕੇ ਸੰਧੂ ਦੇ ਕਤਲ ਦੀ ਖ਼ੁਸ਼ੀ ਮਨਾਈ ਹੈ। ਸੰਧੂ 7 ਸਾਲ ਦੀ ਉਮਰ ਵਿਚ ਕੈਨੇਡਾ ਆਇਆ ਸੀ ਅਤੇ ਐਬਟਸਫੋਰਡ ਵਿਚ ਰਿਸ਼ਤੇਦਾਰਾਂ ਕੋਲ ਰਹਿ ਕੇ ਵੱਡਾ ਹੋਇਆ ਸੀ।

# ਵਿਕਾਸ ਕਰ ਰਹੇ ਸ਼ਹਿਰਾਂ 'ਚ ਕੈਲਗਰੀ ਪਛੜਿਆ

ਕੈਲਗਰੀ (ਕਮਲਜੀਤ ਬੁੱਟਰ)-ਕੈਨੇਡਾ ਭਰ ਵਿੱਚ ਸਭ ਤੋਂ ਤੇਜ਼ੀ ਨਾਲ ਵਧਦੇ ਹੋਏ ਸ਼ਹਿਰ ਦੀ ਭੱਲ ਸੰਭਾਲੀ ਬੈਠੇ ਕੈਲਗਰੀ ਨੂੰ 25 ਸਾਲਾਂ ਵਿੱਚ ਪਹਿਲੀ ਵਾਰ ਛੇਵਾਂ ਸਥਾਨ ਮਿਲਿਆ ਹੈ। ਹੁਣ ਤਕ ਕੈਲਗਰੀ ਦਾ ਸਥਾਨ ਪਹਿਲੇ ਪੰਜ ਸ਼ਹਿਰਾਂ ਵਿੱਚ ਰਿਹਾ ਹੈ ਜਿਹਨਾਂ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਹੋ ਰਿਹਾ ਸੀ। ਸਾਲ 2016 ਤੋਂ 2021 ਦਰਮਿਆਨ ਕੈਲਗਰੀ ਪਹਲੇ ਛੇ ਅਜਿਹੇ ਸ਼ਹਿਰਾਂ ਵਿੱਚ ਸ਼ਾਮਿਲ ਹੋਇਆ ਹੈ। ਕੈਲਗਰੀ ਦੀ ਸਟੋਨੀ ਟ੍ਰੇਲ ਦੇ ਨੋਰਥ ਵਾਲੇ ਪਾਸੇ ਕੈਰਿੰਗਟਨ, ਲਿਵਿੰਗਸਟਨ ਅਤੇ ਲੀਉਇਸਬਰਗ ਕਮਿਉਨਿਟੀਜ਼ ਵਿੱਚ ਆਬਾਦੀ ਦੇ ਲਿਹਾਜ਼ ਨਾਲ ਵਿਕਾਸ ਦੀ ਦਰ 54.12% ਰਹੀ ਹੈ।



ਇਥੇ ਸਾਲ 2016 ਵਿੱਚ ਸਿਰਫ਼ 71 ਵਿਅਕਤੀ ਰਹਿੰਦੇ ਸਨ ਜਿਹੜੇ ਸਾਲ 2021 ਵਿੱਚ 4 ਹਜ਼ਾਰ ਤੋਂ ਵੱਧ ਹੋ ਗਏ। ਸਾਲ 2016 ਤੋਂ 2021 ਦਰਮਿਆਨ ਕੈਲਗਰੀ ਦੀ ਆਬਾਦੀ ਵਿੱਚ 6.4%, ਐਡਮੰਟਨ ਵਿੱਚ 7.3%, ਬੀ ਸੀ। ਦੇ ਕੈਲੋਨਾ ਵਿੱਚ 14%, ਚਿਲਿਵੈਕ ਵਿੱਚ 12.1%, ਕੈਮਲੂਪਸ, ਨਾਨਾਇਮੋ ਅਤੇ ਓਂਟੈਰੀਓ ਦੇ ਲੰਡਨ ਵਿੱਚ 10% ਅਤੇ ਕਿਚਨਰ, ਕੈਂਬਰਿਜ ਅਤੇ ਵੌਟਰਲੂ ਵਿੱਚ 9.9% ਅਬਾਦੀ ਵਾਧਾ ਦਰਜ ਕੀਤਾ ਗਿਆ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.
Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8



DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਸ਼ਰਮਨਾਕ ਤੇ ਘਿਨਾਉਣਾ ਕਾਰਾ

# ਅਸੀਂ ਕਿਸ ਸਮਾਜ ਦਾ ਹਿੱਸਾ ਹਾਂ ?

ਸੁਖਵਿੰਦਰ ਸਿੰਘ ਚੋਹਲਾ

ਪਿਛਲੇ ਦਿਨੀ ਰਾਜਧਾਨੀ ਦਿੱਲੀ 'ਚ ਇਕ ਵਿਆਹੁਤਾ ਮੁਟਿਆਰ ਦੀ ਕੁਝ ਔਰਤਾਂ ਤੇ ਕਿਸ਼ੋਰ ਮੁੰਡਿਆਂ ਵਲੋਂ ਬੇਰਹਿਮੀ ਨਾਲ ਕੁੱਟਮਾਰ ਕਰਨ, ਉਸਦੇ ਕੇਸ ਕੁਤਰਨ, ਮੂੰਹ ਕਾਲਾ ਕਰਨ, ਗਲੇ 'ਚ ਜੁੱਤੀਆਂ ਦਾ ਹਾਰ ਪਾਉਣ ਤੇ ਬੇਪੱਤ ਕੀਤੇ ਜਾਣ ਦੀ ਵਾਇਰਲ ਵੀਡੀਓ ਦਿਲ ਦਹਿਲਾ ਦੇਣ ਵਾਲੀ ਹੈ ਪਰ ਨਾਲ ਹੀ ਖੁਦ ਨੂੰ ਸਵਾਲ ਕਰਨ ਵਾਲੀ ਵੀ ਕਿ ਅਸੀਂ ਕਿਸ ਸਮਾਜ ਦਾ ਹਿੱਸਾ ਹਾਂ ?

ਦੱਸਿਆ ਗਿਆ ਹੈ ਕਿ ਉਸ ਵਿਆਹੁਤਾ ਮੁਟਿਆਰ ਦਾ ਕਸੂਰ ਇਹ ਸੀ ਕਿ ਉਸ ਉਪਰ ਇਕ ਅਲੂੰਆਂ ਜਿਹਾ ਮੁੰਡਾ ਮੋਹਿਤ ਹੋ ਗਿਆ ਸੀ। ਨਵੀਂ ਨਵੀਂ ਜਵਾਨੀ ਚੜ੍ਹੇ ਮੁੰਡੇ ਨੇ ਮੁਟਿਆਰ ਨਾਲ ਸਰੀਰਕ ਸਬੰਧਾਂ ਦੀ ਕਾਮਨਾ ਕੀਤੀ। ਕਾਮ ਵਾਸ਼ਨਾ ਦੀ ਪੂਰਤੀ ਤੋਂ ਇਨਕਾਰੀ ਦੀ ਸੂਰਤ ਵਿਚ ਖੁਦਕੁਸ਼ੀ ਕਰ ਗਿਆ। ਜਾਣਕਾਰੀ ਮੁਤਾਬਿਕ ਅਗਰ ਮੁੰਡੇ ਦੀ ਖੁਦਕੁਸ਼ੀ ਦਾ ਕਾਰਣ ਇਹੀ ਹੈ ਤਾਂ ਪਰਿਵਾਰ ਲਈ ਇਹ ਸਮਾਜਿਕ ਸਰਮਸ਼ਾਰੀ ਵਾਲੀ ਗੱਲ ਹੈ ਪਰ ਹੈਰਾਨੀ ਹੈ ਅਜਿਹੇ ਪਰਿਵਾਰ 'ਤੇ ਜਿਸ ਦੀਆਂ ਔਰਤਾਂ ਨੇ ਆਪਣੇ ਮਾਨਸਿਕ ਰੋਗੀ ਪੁੱਤ ਦੀ ਮੌਤ ਦਾ ਬਦਲਾ ਇੰਜ ਲਿਆ ਕਿ ਪੂਰੀ ਔਰਤ ਜਾਤੀ ਨੂੰ ਅਪਮਾਨਿਤ ਕਰਦਿਆਂ ਭਾਰਤੀ ਸਮਾਜ ਨੂੰ ਵੀ ਸ਼ਰਮਸ਼ਾਰ ਕਰ ਦਿੱਤਾ। ਆਮ ਕਿਹਾ ਜਾਂਦਾ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਪਰ ਸ਼ਾਇਦ ਇਸ ਕਹਾਵਤ ਦੀਆਂ ਜੜਾਂ ਵੀ ਸਾਡੇ ਖੋਖਲੇ ਸਮਾਜ ਦੀਆਂ ਨਾਮਨਿਹਾਦ ਕਦਰਾਂ ਕੀਮਤਾਂ 'ਚ ਪਈਆਂ ਹਨ।

ਇਹ ਸ਼ਰਮਨਾਕ ਘਟਨਾ ਸਾਡੇ 'ਸਭਿਅਕ' ਸਮਾਜ ਦਾ ਘਿਨਾਉਣਾ ਚਿਹਰਾ ਵੀ ਬੇਨਕਾਬ ਕਰਨ ਵਾਲੀ ਹੈ। ਉਹ ਸਮਾਜ ਤੇ ਸਮਾਜ ਦੇ ਠੇਕੇਦਾਰ ਜੋ ਪੰਜ ਹਜ਼ਾਰ ਸਾਲ ਪੁਰਾਣੀ ਸਭਿਅਤਾ ਦੇ ਵਾਰਿਸ ਹੋਣ ਦੇ ਦਾਅਵਿਆਂ ਨਾਲ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦੇ ਦਮਗਜੇ ਮਾਰਦੇ ਨਹੀ ਥੱਕਦੇ, ਨੂੰ ਸ਼ੀਸ਼ਾ ਵਿਖਾਉਣ ਵਾਲੀ ਹੈ। ਇਸਤੋਂ ਵੀ ਅੱਗੇ ਇਹ ਘਟਨਾ ਕਿਸੇ ਦੂਰ ਦਰਾਜ਼ ਪੱਛੜੇ ਖੇਤਰ ਚ ਨਹੀ ਵਾਪਰੀ ਬਲਕਿ ਦੇਸ਼ ਦੀ ਰਾਜਧਾਨੀ ਵਿਚ ਵਾਪਰੀ ਹੈ। ਉਹ ਰਾਜਧਾਨੀ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਦੇਸ਼ ਦੇ ਕੋਨੇ ਕੋਨੇ ਤੋਂ ਨੌਕਰੀ ਪੇਸ਼ੇ ਤੇ ਕਾਰੋਬਾਰਾਂ ਲਈ ਆਣ ਵੱਸੇ ਪੜ੍ਹੇ ਲਿਖੇ ਤੇ ਸਮਾਰਟ ਲੋਕਾਂ ਦੀ ਬਹੁਤਾਤ ਹੈ। ਉਂਝ ਦੇਸ਼ ਦੀ ਰਾਜਧਾਨੀ ਵਿਚ ਵਾਪਰੀ ਇਹ ਸ਼ਰਮਨਾਕ ਤੇ ਘਿਨਾਉਣੀ ਘਟਨਾ ਪਹਿਲੀ ਨਹੀਂ ਹੈ। ਇਸਤੋਂ ਪਹਿਲਾਂ ਵੀ ਰਾਜਧਾਨੀ ਨੇ ਕਈ ਕਰੂਰ ਤੇ ਸ਼ਰਮਨਾਕ ਮੰਜ਼ਰ ਵੇਖੇ ਹਨ। ਇਤਿਹਾਸ ਵਿਚ ਵਾਪਰੀਆਂ ਅਨੇਕਾਂ ਕਰੂਰ ਤੇ ਸ਼ਰਮਨਾਕ ਘਟਨਾਵਾਂ ਦੇ ਰੂਬਰੂ ਦਿੱਲੀ ਜਾਂ ਦੇਸ਼ ਦੇ ਲੋਕਾਂ ਦਾ ਕੀ ਪ੍ਰਤੀਕਰਮ ਰਿਹਾ, ਜ਼ਿਕਰੇ ਖੋਜ ਅਲਗ ਹੈ। ਪਰ ਆਜ਼ਾਦ ਭਾਰਤ ਵਿਚ ਦਸੰਬਰ 2012 'ਚ ਇਕ ਨੌਜਵਾਨ ਲੜਕੀ ਨਾਲ ਵਾਪਰੀ ਸਮੂਹਿਕ ਬਲਾਤਕਾਰ ਦੀ ਅਜਿਹੀ ਘਟਨਾ ਵੀ ਵਾਪਰੀ ਸੀ ਕਿ ਜਿਸਨੇ ਕੇਵਲ ਦਿੱਲੀ ਨਹੀ ਪੂਰੇ ਦੇਸ਼ ਨੂੰ ਹਿਲਾਕੇ ਰੱਖ ਦਿੱਤਾ ਸੀ। ਲੋਕ ਰੋਹ ਨੂੰ ਸ਼ਾਂਤ ਕਰਦਿਆਂ ਸਮੇਂ ਦੀ ਸਰਕਾਰ ਨੇ ਬਲਾਤਕਾਰੀਆਂ ਲਈ ਮੌਤ ਦੀ ਸਜ਼ਾ ਦਾ ਕਨੂੰਨ ਬਣਾ ਦਿੱਤਾ। ਨਿਰਭਯਾ ਕਾਂਡ ਦੇ ਦੋਸ਼ੀਆਂ ਨੂੰ ਫਾਹੇ ਵੀ ਟੰਗਿਆ ਗਿਆ। ਇਸ ਸਖਤ ਕਨੂੰਨ ਦੇ ਹੋਂਦ ਵਿਚ ਆਉਣ ਉਪਰੰਤ ਆਸ ਕੀਤੀ ਗਈ ਕਿ ਦੁਰਾਚਾਰ ਤੇ ਔਰਤ ਪ੍ਰਤੀ ਘਟੀਆ ਸੋਚ ਤੇ ਵਿਵਹਾਰ ਵਿਚ ਕੋਈ ਤਬਦੀਲੀ ਆਵੇਗੀ ਪਰ ਇਸ ਉਪਰੰਤ ਨਵੰਬਰ 2019 ਨੂੰ ਹੈਦਰਾਬਾਦ ਵਿਚ ਇਕ ਹੋਰ ਅਜਿਹੀ ਘਟਨਾ ਨੇ ਲੋਕਾਂ ਨੂੰ ਝੰਜੋੜਕੇ ਰੱਖ ਦਿੱਤਾ। ਇਕ ਡਾਕਟਰ ਲੜਕੀ ਨਾਲ ਸਮੂਹਿਕ ਬਲਾਤਕਾਰ ਤੇ ਹੱਤਿਆ ਦੇ ਦੋਸ਼ੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਦੋਸ਼ੀਆਂ ਨੂੰ ਕਨੂੰਨ ਰਾਹੀਂ ਸਜ਼ਾ ਸੁਣਾਏ ਜਾਣ ਦੀ ਪ੍ਰਕਿਰਿਆ ਤੋਂ ਪਹਿਲਾਂ ਹੀ ਭੀੜਤੰਤਰ ਵਾਲਾ ਇਨਸਾਫ ਕਰ ਦਿੱਤਾ ਗਿਆ। ਦੋਸ਼ੀਆਂ ਨੂੰ ਘਟਨਾ ਸਥਾਨ ਤੇ ਲਿਜਾਕੇ ਗੋਲੀਆਂ ਨਾਲ ਉਡਾ ਦੇਣ ਨੂੰ ਇਨਸਾਫ ਦਾ ਸਹੀ ਤਕਾਜ਼ਾ ਕਰਾਰ ਦੇ ਦਿੱਤਾ ਗਿਆ। ਸੋਚਿਆ ਜਾ ਸਕਦਾ ਹੈ ਕਿ ਕਨੂੰਨ ਵਿਵਸਥਾ ਵਿਚ ਯਕੀਨ ਤੇ ਮਜ਼ਬੂਤੀ ਦੀ ਬਿਜਾਏ ਭੀੜਤੰਤਰ ਦੇ ਇਨਸਾਫ ਨੂੰ ਲੋਕ ਮਨਾਂ ਚ ਜਾਇਜ਼ ਠਹਿਰਾ ਦੇਣਾ ਸਮਾਜ ਨੂੰ ਕਿਸ ਦਿਸਾ ਵੱਲ ਲਿਜਾਏਗਾ ?



ਜਿਸ ਮੁਲਕ ਵਿਚ ਸਰਕਾਰਾਂ ਤੇ ਪ੍ਰਸ਼ਾਸਨ ਵੀ ਆਪਣੇ ਕੁਸ਼ਾਸਨ ਤੇ ਅਸਫਲਤਾਵਾਂ ਨੂੰ ਛੁਪਾਉਣ ਲਈ ਭੀੜਤੰਤਰ ਨੂੰ ਪ੍ਰਵਾਨ ਕਰਨ 'ਚ ਆਪਣੀ ਭਲਾਈ ਸਮਝਣ ਤਾਂ ਕਨੂੰਨ ਵਿਵਸਥਾ ਚ ਯਕੀਨ ਰੱਖਣ ਵਾਲੇ ਨਰੋਏ ਸਮਾਜ ਦੀ ਕਲਪਨਾ ਕਿੰਨੀ ਕੁ ਸੰਭਵ ਹੈ ? ਦਿੱਲੀ ਦੀ ਇਸ ਤਾਜ਼ਾ ਨਿਰਮਮ ਘਟਨਾ ਨੂੰ ਜੇ ਕੁਝ ਲੋਕ ਸ਼ਰਮਨਾਕ ਸਮਾਜਿਕ ਘਟਨਾ ਦੀ ਬਿਜਾਏ ਧਰਮ ਜਾਂ ਜਾਤ ਨਾਲ ਜੋੜਨ ਦਾ ਯਤਨ ਕਰਨਗੇ ਤਾਂ ਔਰਤਾਂ ਲਈ ਬਰਾਬਰੀ ਦੇ ਅਧਿਕਾਰ ਤੇ ਸਮਾਜਿਕ ਨਿਆਂ ਦੇ ਅਰਥ ਕੀ ਹੋਣਗੇ ?


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

# ਪਰਿਵਾਰਵਾਦ ਵਾਲੀਆਂ ਪਾਰਟੀਆਂ ਦੇਸ਼ ਦੇ ਜਮਹੂਰੀ ਢਾਂਚੇ ਲਈ ਖਤਰਾ-ਮੋਦੀ

## ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੇ ਪੱਖ ਵਿਚ ਮੁਹਿੰਮ

ਦਿੱਲੀ (ਦਿਓਲ)-ਯੂਪੀ ਵਿੱਚ ਪਹਿਲੇ ਗੇੜ ਦੀਆਂ ਚੋਣਾਂ ਦੀ ਪੂਰਬਲੀ ਸੰਧਿਆ ਦਿੱਤੀ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਵਾਇਤੀ ਵਿਰੋਧੀ ਸਮਾਜਵਾਦੀ ਪਾਰਟੀ 'ਤੇ ਜੰਮ ਕੇ ਨਿਸ਼ਾਨੇ ਲਾਏ। ਉਨ੍ਹਾਂ ਕਿਹਾ ਕਿ ਪਰਿਵਾਰ ਅਧਾਰਿਤ ਪਾਰਟੀਆਂ ਜਮਹੂਰੀਅਤ ਨੂੰ ਤਬਾਹ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਉਨ੍ਹਾਂ ਪਿਛਲੇ ਮਹੀਨੇ ਪੰਜਾਬ ਵਿੱਚ ਫ਼ਿਰੋਜ਼ਪੁਰ ਦੀ ਆਪਣੀ ਫੇਰੀ ਦੌਰਾਨ ਉਨ੍ਹਾਂ ਦੀ ਸੁਰੱਖਿਆ 'ਚ ਕਥਿਤ ਕੁਤਾਹੀ ਵਰਤੇ ਜਾਣ ਦੇ ਮੁੱਦੇ 'ਤੇ ਖ਼ਾਮੋਸ਼ੀ ਧਾਰ ਲਈ ਹੈ। ਖ਼ਬਰ ਏਜੰਸੀ ਏਐੱਨਆਈ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਦੌਰਾਨ ਸ੍ਰੀ ਮੋਦੀ ਨੇ ਕਿਹਾ, "ਇਸ ਸਬੰਧ ਵਿੱਚ ਮੇਰੇ ਵੱਲੋਂ ਦਿੱਤਾ ਕੋਈ ਵੀ ਬਿਆਨ ਜਾਂਚ ਦੇ ਅਮਲ ਨੂੰ ਅਸਰਅੰਦਾਜ਼ ਕਰ ਸਕਦਾ ਹੈ ਤੇ ਇਹ ਸਹੀ ਨਹੀਂ ਹੋਵੇਗਾ।'ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਆਸ਼ੀਸ਼ ਮਿਸ਼ਰਾ ਦੇ ਪਿਤਾ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਉਰਫ਼ ਟੈਨੀ ਨੂੰ ਕੇਂਦਰ ਵਜ਼ਾਰਤ ਵਿੱਚੋਂ ਅਜੇ ਤੱਕ ਲਾਂਭੇ ਨਾ ਕੀਤੇ ਜਾਣ ਬਾਰੇ ਸ੍ਰੀ ਮੋਦੀ ਨੇ ਕਿਹਾ ਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਕੰਮ ਕਰ ਰਹੀ ਹੈ ਤੇ ਸਭ ਕੁਝ ਪਾਰਦਰਸ਼ੀ ਤਰੀਕੇ ਨਾਲ ਕੀਤਾ ਜਾ ਰਿਹੈ। (ਹੁਣ) ਰੱਦ ਖੇਤੀ ਕਾਨੂੰਨਾਂ ਦੀ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਛੋਟੇ



ਕਿਸਾਨਾਂ ਦੀ ਪੀੜ ਨੂੰ ਸਮਝਦੇ ਹਨ। ਉਨ੍ਹਾਂ ਕਿਹਾ, "ਮੈਂ ਉਦੋਂ ਕਿਹਾ ਸੀ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਲਾਗੂ ਕੀਤੇ ਗਏ ਹਨ, ਪਰ ਫਿਰ ਰਾਸ਼ਟਰ ਹਿੱਤ ਵਿੱਚ ਇਨ੍ਹਾਂ ਨੂੰ ਵਾਪਸ ਲੈ ਲਿਆ। ਜਮਹੂਰੀਅਤ ਵਿੱਚ ਪਹਿਲਾ ਫ਼ਰਜ਼ ਇਕ ਦੂਜੇ ਨਾਲ ਸੰਵਾਦ ਕਰਨਾ ਹੈ। ਅਸੀਂ ਗੱਲਬਾਤ ਦਾ ਅਮਲ ਤੋੜਨ ਦੇ ਹੱਕ ਵਿੱਚ ਨਹੀਂ ਹਾਂ। ਅਸੀਂ ਸੰਵਾਦ ਵਿੱਚ ਯਕੀਨ ਕਰਦੇ ਹਾਂ।' ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਬਜਟ ਇਜਲਾਸ ਦੌਰਾਨ ਰੱਖੇ ਸਵਾਲਾਂ ਦਾ ਕੋਈ ਜਵਾਬ ਨਾ ਦੇਣ ਦੇ ਲੱਗ ਰਹੇ ਦੋਸ਼ਾਂ ਬਾਰੇ ਸ੍ਰੀ ਮੋਦੀ ਨੇ ਕਿਹਾ, "ਇਕ ਵਿਅਕਤੀ ਜੋ ਨਾ ਤਾਂ ਸੁਣਦਾ ਹੈ ਤੇ ਸੰਸਦ ਤੋਂ ਭੱਜਦਾ ਹੈ, ਮੈਂ ਉਸ ਦੀ ਗੱਲ ਦਾ ਜਵਾਬ ਕਿਵੇਂ ਦੇ ਸਕਦਾ ਹਾਂ?" ਸ੍ਰੀ ਮੋਦੀ ਨੇ ਸਮਾਜਵਾਦੀ ਪਾਰਟੀ ਨੂੰ ਫ਼ਰਜ਼ੀ ਸਮਾਜਵਾਦੀਆਂ ਦੀ ਪਾਰਟੀ ਕਰਾਰ ਦਿੰਦਿਆਂ ਕਿਹਾ, "ਲੋਹੀਆ ਜੀ ਵੀ ਸਮਾਜਵਾਦੀ ਸਨ। ਕੀ ਤੁਹਾਨੂੰ ਉਨ੍ਹਾਂ ਦਾ ਪਰਿਵਾਰ ਕਿਤੇ ਨਜ਼ਰ ਆਉਂਦਾ ਹੈ? ਜੌਰਜ ਫਰਨਾਂਡੇਜ਼ ਤੇ ਨਿਤੀਸ਼ ਕੁਮਾਰ ਵੀ ਸਮਾਜਵਾਦੀ ਸਨ। ਕੀ ਤੁਸੀਂ ਉਨ੍ਹਾਂ ਦੇ ਪਰਿਵਾਰਾਂ ਨੂੰ ਵੇਖਿਐ। ਜਦੋਂ ਮੈਂ ਫ਼ਰਜ਼ੀ ਸਮਾਜਵਾਦ ਦੀ ਗੱਲ ਕਰਦਾ ਹਾਂ ਤਾਂ ਮੇਰਾ ਮਤਲਬ ਪਰਿਵਾਰਵਾਦ ਦੀ ਸਿਆਸਤ ਤੋਂ ਹੈ। ਮੈਨੂੰ ਇਕ ਵਾਰ ਪੱਤਰ ਮਿਲਿਆ ਸੀ ਕਿ ਸੱਤਾਧਾਰੀ ਸਮਾਜਵਾਦੀ ਪਾਰਟੀ ਦੇ ਪਰਿਵਾਰ ਦੇ 45 ਵਿਅਕਤੀ ਇਕ ਜਾਂ ਫਿਰ ਦੂਜੇ ਅਹੁਦੇ 'ਤੇ ਕਾਬਜ਼ ਹਨ। ਪਰਿਵਾਰ 'ਚ 25 ਸਾਲ ਤੋਂ ਵੱਧ ਉਮਰ ਦੇ ਹਰ ਸ਼ਖ਼ਸ ਨੂੰ ਚੋਣਾਂ ਲੜਨ ਦਾ ਮੌਕਾ ਦਿੱਤਾ ਜਾਂਦਾ ਹੈ। ਅਜਿਹਾ ਪਰਿਵਾਰਵਾਦ ਜਮਹੂਰੀਅਤ ਲਈ ਖ਼ਤਰਾ ਹੈ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੋਣ ਪ੍ਰਚਾਰ ਲਈ 14 ਫਰਵਰੀ ਨੂੰ ਜਲੰਧਰ ਆਉਣਗੇ

ਜਲੰਧਰ (ਨਿੱਜੀ ਪੱਤਰ ਪ੍ਰੇਰਕ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ 14 ਫਰਵਰੀ ਨੂੰ ਜਲੰਧਰ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਨਗੇ। ਭਾਜਪਾ ਦੇ ਸੂਬਾਈ ਜਨਰਲ ਸਕੱਤਰ ਜੀਵਨ ਗੁਪਤਾ ਨੇ ਦੱਸਿਆ ਕਿ ਚੋਣ ਰੈਲੀ ਦੀ ਥਾਂ ਬਾਰੇ ਜਲਦੀ ਹੀ ਫੈਸਲਾ ਕਰ ਲਿਆ ਜਾਵੇਗਾ ਤੇ ਪ੍ਰਧਾਨ ਮੰਤਰੀ 14 ਫਰਵਰੀ ਨੂੰ ਬਾਅਦ ਦੁਪਹਿਰ 2.00 ਵਜੇ ਚੋਣ ਰੈਲੀ ਨੂੰ ਸੰਬੋਧਨ ਕਰਨਗੇ। ਸੁਰੱਖਿਆ ਲਿਹਾਜ਼ ਤੋਂ ਇਹ ਚੋਣ ਰੈਲੀ ਪੀਏਪੀ ਮੈਦਾਨ ਵਿਚ ਕਰਵਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਮੰਗਲਵਾਰ ਨੂੰ ਕੀਤੀ ਵਰਚੁਅਲ ਚੋਣ ਰੈਲੀ ਦੌਰਾਨ ਲੁਧਿਆਣਾ ਤੇ ਫ਼ਤਿਹਗੜ੍ਹ ਸਾਹਿਬ ਸੰਸਦੀ ਹਲਕਿਆਂ ਅਧੀਨ ਆਉਂਦੇ 9-9 ਵਿਧਾਨ ਸਭਾ ਹਲਕਿਆਂ ਦੇ ਲੋਕਾਂ ਨੂੰ ਸੰਬੋਧਨ ਕੀਤਾ ਸੀ। ਉਨ੍ਹਾਂ ਵੋਟਰਾਂ ਨੂੰ ਪੰਜਾਬ ਵਿੱਚ ਐਤਕੀਂ ਭਾਜਪਾ ਦੀ ਅਗਵਾਈ ਵਾਲੇ ਚੋਣ ਗੱਠਜੋੜ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਸੀ। ਭਾਜਪਾ ਦਾ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਗੱਠਜੋੜ ਹੈ। ਪ੍ਰਧਾਨ ਮੰਤਰੀ ਨੇ 5 ਜਨਵਰੀ ਨੂੰ ਫਿਰੋਜ਼ਪੁਰ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਨਾ ਸੀ, ਪਰ ਸੁਰੱਖਿਆ ਪ੍ਰਬੰਧਾਂ ਵਿਚ ਵਰਤੀ ਗਈ ਕਥਿਤ ਲਾਪ੍ਰਵਾਹੀ ਕਰਕੇ ਉਨ੍ਹਾਂ ਨੂੰ ਵਾਪਸ ਦਿੱਲੀ ਮੁੜਨਾ ਪਿਆ ਸੀ। ਇਹ ਮਸਲਾ ਇੰਨਾ ਉਭਰਿਆ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੌਮੀ ਪੱਧਰ 'ਤੇ ਵੱਡੇ ਆਗੂ ਵਜੋਂ ਕੇਂਦਰ ਬਿੰਦੂ 'ਚ ਆ ਗਏ ਸਨ।


# ਕੇਜਰੀਵਾਲ ਨੇ ਕਰੋਨਾ ਦੌਰਾਨ ਯੂਪੀ, ਬਿਹਾਰ ਦੇ ਮਜ਼ਦੂਰਾਂ ਨੂੰ ਦਿੱਲੀ ਛੱਡਣ ਲਈ ਕੀਤਾ ਸੀ ਮਜ਼ਬੂਰ-ਯੋਗੀ ਵਲੋਂ ਦੋਸ਼


ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਕਰੋਨਾ ਦੀ ਪਹਿਲੀ ਲਹਿਰ ਦੌਰਾਨ ਪ੍ਰਵਾਸੀ ਮਜ਼ਦੂਰਾਂ ਦੀ ਹਿਜਰਤ ਦੇ ਮਾਮਲੇ 'ਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਤਿੱਖਾ ਸ਼ਬਦੀ ਤਕਰਾਰ ਹੋਇਆ। ਹਾਲਾਂਕਿ ਟਵਿੱਟਰ ਵਿਵਾਦ ਵਿੱਚ ਸ਼ਾਮਲ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਕੇਜਰੀਵਾਲ ਨੇ ਕਿਹਾ ਕਿ ਜੋ ਲੋਕ ਜ਼ਿੰਮੇਵਾਰ ਅਹੁਦਿਆਂ 'ਤੇ ਹਨ, ਉਨ੍ਹਾਂ ਨੂੰ ਇੱਕ-ਦੂਜੇ ਨੂੰ ਇਸ ਤਰ੍ਹਾਂ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ। ਗੋਆ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਦੇ ਰਾਸ਼ਟਰੀ ਕਨਵੀਨਰ ਨੇ ਕਿਹਾ ਕਿ ਯੋਗੀ ਆਦਿੱਤਿਆਨਾਥ ਦਾ ਮੁਕਾਬਲਾ ਕਰਨਾ ਉਨ੍ਹਾਂ ਲਈ ਜ਼ਰੂਰੀ ਹੋ ਗਿਆ ਹੈ ਕਿਉਂਕਿ ਭਾਜਪਾ ਨੇਤਾਵਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਤੋਂ ਪਹਿਲਾਂ ਯੂਪੀ ਦੇ ਮੁੱਖ ਮੰਤਰੀ ਨੇ ਕੇਜਰੀਵਾਲ 'ਤੇ 2020 ਵਿਚ ਮਹਾਮਾਰੀ ਦੇ ਸਿਖ਼ਰ 'ਤੇ ਪ੍ਰਵਾਸੀ ਮਜ਼ਦੂਰਾਂ ਨੂੰ ਦਿੱਲੀ ਛੱਡਣ ਲਈ ਮਜਬੂਰ ਕਰਨ ਦਾ ਦੋਸ਼ ਲਾਇਆ ਜਦੋਂ ਆਵਾਜਾਈ 'ਤੇ ਪਾਬੰਦੀ ਸੀ। ਕੇਜਰੀਵਾਲ ਨੂੰ 'ਗੱਦਾਰ' ਕਰਾਰ ਦਿੰਦੇ ਹੋਏ ਆਦਿੱਤਿਆਨਾਥ ਨੇ ਦਲੀਲ ਦਿੱਤੀ ਕਿ 'ਆਪ' ਸਰਕਾਰ ਦੀ ਬੇਰੁਖੀ ਕਾਰਨ ਪ੍ਰਵਾਸੀ ਅੱਧੀ ਰਾਤ ਨੂੰ ਯੂਪੀ ਬਾਰਡਰ 'ਤੇ ਫਸੇ ਹੋਏ ਸਨ। ਯੋਗੀ ਨੇ ਟਵੀਟ ਕੀਤਾ, 'ਸੁਨੋ ਕੇਜਰੀਵਾਲ, ਜਦ ਪੂਰੀ ਮਨੁੱਖਤਾ ਕਰੋਨਾ ਦਾ ਕਸ਼ਟ ਝੱਲ ਰਹੀ ਸੀ, ਉਸ ਵੇਲੇ ਤੁਸੀਂ ਯੂਪੀ ਦੇ ਕਾਮਿਆਂ ਨੂੰ ਦਿੱਲੀ ਛੱਡਣ ਲਈ ਮਜਬੂਰ ਕਰ ਦਿੱਤਾ। ਛੋਟੇ ਬੱਚਿਆਂ ਤੇ ਔਰਤਾਂ ਨੂੰ ਅੱਧੀ ਰਾਤ ਨੂੰ ਯੂਪੀ ਦੀ ਹੱਦ ਉਤੇ ਬੇਸਹਾਰਾ ਛੱਡਣ ਵਰਗਾ ਗੈਰ-ਲੋਕਤੰਤਰਿਕ ਤੇ ਅਣਮਨੁੱਖੀ ਕੰਮ ਤੁਹਾਡੀ ਸਰਕਾਰ ਨੇ ਕੀਤਾ। ਤੁਹਾਨੂੰ ਮਨੁੱਖਤਾ ਵਿਰੋਧੀ ਕਹੀਏ ਜਾਂ...।' ਯੂਪੀ ਦੇ ਮੁੱਖ ਮੰਤਰੀ 'ਤੇ ਪਲਟਵਾਰ ਕਰਦੇ ਹੋਏ ਕੇਜਰੀਵਾਲ ਨੇ ਟਵੀਟ ਕੀਤਾ, 'ਸੁਨੋ ਯੋਗੀ, ਤੁਸੀਂ ਤਾਂ ਰਹਿਣ ਹੀ ਦਿਓ। ਜਦ ਯੂਪੀ ਦੇ ਲੋਕਾਂ ਦੀਆਂ ਲਾਸ਼ਾਂ ਗੰਗਾ ਨਦੀ 'ਚ (ਕਰੋਨਾਵਾਇਰਸ ਦੇ ਮਰੀਜ਼ਾਂ ਦੀਆਂ) ਵਹਿ ਰਹੀਆਂ ਸਨ ਤਾਂ ਤੁਸੀਂ ਕਰੋੜਾਂ ਰੁਪਏ ਖ਼ਰਚ ਕਰ ਕੇ ਝੂਠੀ ਪ੍ਰਸ਼ੰਸਾ ਖੱਟਣ ਲਈ ਇਸ਼ਤਿਹਾਰ ਦੇ ਰਹੇ ਸੀ।'

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca

ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਕਾਂਗਰਸੀ ਐਮ.ਪੀ. ਜਸਬੀਰ ਡਿੰਪਾ ਦਾ ਭਰਾ ਰਾਜਨ ਗਿੱਲ ਅਕਾਲੀ ਦਲ ਵਿਚ ਸ਼ਾਮਿਲ



ਅੰਮ੍ਰਿਤਸਰ-ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਦੇ ਭਰਾ ਹਰਪਿੰਦਰ ਸਿੰਘ ਰਾਜਨ ਗਿੱਲ ਸਣੇ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਇਨ੍ਹਾਂ ਕਾਂਗਰਸੀ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਜੀ ਆਇਆਂ ਕਿਹਾ। ਸ੍ਰੀ ਬਾਦਲ ਨੇ ਰਾਜਨ ਗਿੱਲ ਨੂੰ ਪਾਰਟੀ ਦਾ ਜਨਰਲ ਸਕੱਤਰ ਨਾਮਜ਼ਦ ਕਰ ਦਿੱਤਾ ਹੈ। ਇਸ ਸਬੰਧੀ ਸੱਦੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਰਾਜਨ ਗਿੱਲ ਨੇ ਦੋਸ਼ ਲਾਇਆ ਕਿ ਕਾਂਗਰਸ ਵਿੱਚ ਟਿਕਟਾਂ ਵੇਚੀਆਂ ਗਈਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਨਿਰਾਸ਼ਾ ਹੋਈ ਹੈ, ਜਿਸ ਕਾਰਨ ਉਨ੍ਹਾਂ ਕਾਂਗਰਸ ਨੂੰ ਅਲਵਿਦਾ ਕਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਈ ਅਜਿਹੇ ਆਗੂਆਂ ਨੂੰ ਮੁੜ ਟਿਕਟ ਦਿੱਤੀ ਗਈ ਹੈ, ਜਿਨ੍ਹਾਂ ਦਾ ਨਾਂ ਰੇਤ ਅਤੇ ਸ਼ਰਾਬ ਮਾਫੀਆ ਵਜੋਂ ਲਿਆ ਜਾਂਦਾ ਹੈ। ਰਾਜਨ ਗਿੱਲ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਲੰਮੇ ਸਮੇਂ ਤੋਂ ਕਾਂਗਰਸ ਨਾਲ ਚੱਲ ਰਿਹਾ ਹੈ। ਉਨ੍ਹਾਂ ਦੇ ਪਿਤਾ ਸੰਤ ਸਿੰਘ ਗਿੱਲ ਬਿਆਸ ਤੋਂ ਕਾਂਗਰਸ ਦੇ ਵਿਧਾਇਕ ਰਹੇ ਹਨ ਪਰ ਕਾਂਗਰਸ ਦੇ ਮੌਜੂਦਾ ਹਾਕਮਾਂ ਦੇ ਵਤੀਰੇ ਤੋਂ ਉਹ ਨਾਖੁਸ਼ ਹਨ। ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਨਵਜੋਤ ਸਿੰਘ ਸਿੱਧੂ ਨੇ ਸੂਬੇ ਵਿੱਚ ਨਫ਼ਰਤ ਦੀ ਰਾਜਨੀਤੀ ਫ਼ੈਲਾਈ ਹੈ।

# ਡਾ: ਇੰਦਰਜੀਤ ਕੌਰ ਸੰਧੂ ਅੰਤਿਮ ਅਰਦਾਸ ਵਿਚ ਨਾਮਵਰ ਸ਼ਖ਼ਸੀਅਤਾਂ ਸ਼ਾਮਲ ਹੋਈਆਂ



ਚੰਡੀਗੜ੍ਹ-ਉੱਘੀ ਸਿੱਖਿਆ ਸ਼ਾਸਤਰੀ ਡਾ: ਇੰਦਰਜੀਤ ਕੌਰ ਦਾ ਅੰਤਿਮ ਅਰਦਾਸ ਸਮਾਗਮ ਚੰਡੀਗੜ੍ਹ ਦੇ ਸੈਕਟਰ 11 ਦੇ ਗੁਰਦੁਆਰੇ ਵਿਚ ਸੰਪੰਨ ਹੋਇਆ। ਇਸ ਸਮਾਗਮ ਵਿਚ ਉਤਰੀ ਭਾਰਤ ਦੇ ਨਾਮਵਰ ਵਿਦਵਾਨ, ਚਿੰਤਕ, ਬੁੱਧੀਜੀਵੀ, ਲੇਖਕ, ਪੱਤਰਕਾਰ, ਸਮਾਜਸੇਵੀ ਤੇ ਸਮਾਜ ਦੀਆਂ ਉਘੀਆਂ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਮਲਕੀਤ ਸਿੰਘ ਵਿਸ਼ੇਸ਼ ਤੌਰ ਤੇ ਅੰਤਮ ਅਰਦਾਸ ਵਿਚ ਪੁੱਜੇ। ਲੋਕਲ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਨੇ ਗੁਰੂ ਜਸ ਗਾਇਨ ਕਰਕੇ ਕੀਰਤਨ ਰੂਪੀ ਅਸੀਸਾਂ ਦਿਤੀਆਂ। ਸਿੰਘ ਸਾਹਿਬ ਮਲਕੀਤ ਸਿੰਘ ਨੇ ਅੰਤਮ ਅਰਦਾਸ ਰਾਹੀਂ ਅਪਣੇ ਫਰਜ਼ ਦੀ ਅਦਾਇਗੀ ਕੀਤੀ। ਡਾ: ਖੁਸ਼ਹਾਲ ਸਿੰਘ ਕੇਂਦਰੀ ਸਿੰਘ ਸਭਾ ਨੇ ਮੰਚ ਸੰਚਾਲਨ ਕਰਦੇ ਹੋਏ ਸਭ ਤੋਂ ਪਹਿਲਾਂ ਡਾ: ਇੰਦਰਜੀਤ ਕੌਰ ਦੇ ਅਰਦਾਸ ਸਮਾਗਮ ਵਿਚ ਸਿੰਘ ਸਾਹਿਬ ਭਾਈ ਮਲਕੀਤ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਿੰਘ ਸਾਹਿਬ ਭਾਈ ਮਲਕੀਤ ਸਿੰਘ ਨੇ ਗੁਰਬਾਣੀ ਦੇ ਆਧਾਰ ਨਾਲ ਸ਼ਰਧਾਂਜਲੀ ਭੇਟ ਕਰਦਿਆਂ ਬੀਬੀ ਇੰਦਰਜੀਤ ਕੌਰ ਦੀਆਂ ਆਪਣੇ ਜੀਵਨ ਕਾਲ ਵਿਚ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਦੀ ਪਹਿਲੀ ਮਹਿਲਾ ਉੱਪ ਕੁਲਪਤੀ, ਦਿੱਲੀ ਸਟਾਫ ਸਲੈਕਸ਼ਨ ਕਮੇਟੀ ਦੀ ਚੇਅਰਪਰਸਨ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਗਵਰਨਿੰਗ ਕੌਂਸਲ ਵਿਚ ਪ੍ਰਤੀਨਿਧਤਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਨਜੀਤ ਸਿੰਘ ਖੈਰ੍ਹਾ ਐਡਵੋਕੇਟ ਨੇ ਕਿਹਾ ਕਿ ਬੀਬੀ ਇੰਦਰਜੀਤ ਕੌਰ ਸੰਧੂ ਇਕ ਉੱਚ ਕਿਰਦਾਰ ਦੀ ਸਖਸ਼ੀਅਤ ਸਨ। ਪੈਪਸੂ ਵਿਚ ਪੰਜਾਬੀ ਲਾਗੂ ਕਰਵਾਉਣ ਵਿਚ ਉਨ੍ਹਾਂ ਦਾ ਤੇ ਗਿਆਨੀ ਗੁਰਦਿੱਤ ਸਿੰਘ ਦਾ ਬੜਾ ਵੱਡਾ ਹੱਥ ਰਿਹਾ। ਉਨ੍ਹਾਂ ਦੁਨੀਆਂ ਭਰ ਵਿਚੋਂ ਵੱਡੀ ਗਿਣਤੀ ਵਿਚ ਸੰਸਥਾਵਾਂ ਵਲੋਂ ਭੇਜੇ ਸ਼ੋਕ ਮਤਿਆਂ ਦਾ ਜ਼ਿਕਰ ਕੀਤਾ, ਜਿਨ੍ਹਾਂ ਵਿਚ ਪੰਜਾਬੀ ਯੂਨਵਿਰਸਿਟੀ ਪਟਿਆਲਾ, ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਅਨ ਚੈਪਟਰ ਦੇ ਕੋਆਡੀਨੇਟਰ ਸ: ਉਜਾਗਰ ਸਿੰਘ, ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਸਰੀ ਕੈਨੇਡਾ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਯੂ।ਕੇ।, ਗੁਰਦੁਆਰਾ ਮਿਲਵੁਡਜ਼ ਐਡਮਿੰਟਨ ਕੈਨੇਡਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਅਕ ਕੇਂਦਰ ਨਵੀਂ ਦਿੱਲੀ, ਅਦਾਰਾ ਆਤਮ ਰੰਗ ਚੰਡੀਗੜ੍ਹ ਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦੇ ਨਾਮ ਵਰਨਣ ਕੀਤੇ। ਅੰਤਿਮ ਅਰਦਾਸ ਵਿਚ ਵਿਸ਼ੇਸ਼ ਤੌਰ ਤੇ ਨਾਮਵਰ ਵਿਦਵਾਨ ਤੇ ਚਿੰਤਕ ਭਾਈ ਅਸ਼ੋਕ ਸਿੰਘ ਬਾਗੜੀਆਂ, ਨਾਮਵਰ ਇਤਿਹਾਸਕਾਰ ਡਾ: ਇੰਦੂਬਾਲੀ, ਸਿੱਖ ਸਟੱਡੀਜ਼ ਚੰਡੀਗੜ੍ਹ ਦੇ ਰੂਹੇ ਰਵਾਂ ਗੁਰਪ੍ਰੀਤ ਸਿੰਘ, ਆਲਮੀ ਜਗਤ ਦੇ ਥੀਏਟਰ ਦੀ ਕਲਾਕਾਰ ਨੀਲਮ ਮਾਨ ਸਿੰਘ, ਗੁਰਦੀਪ ਸਿੰਘ ਚੀਮਾ ਆਈ।ਏ।ਐਸ।, ਪੁਸ਼ਪਿੰਦਰ ਚੀਮਾ, ਗੁਰਨਿਹਾਲ ਸਿੰਘ ਪੀਰਜ਼ਾਦਾ ਸੇਵਾ ਮੁਕਤ ਆਈ।ਏ।ਐਸ।, ਪ੍ਰੋ: ਹਮੀਦਾ ਸੇਠੀ, ਮਹੀਨੇਵਾਰ ਆਤਮ ਰੰਗ ਦੇ ਸੰਪਾਦਕ ਮਨਪ੍ਰੀਤ ਸਿੰਘ, ਅਮਰਿੰਦਰ ਸਿੰਘ ਸਾਬਕਾ ਮੈਂਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਜੀਤਪਾਲ ਸਿੰਘ ਸ਼ਾਮਲ ਹੋਏ।

# ਭਗਵੰਤ ਮਾਨ ਚੋਣ ਮੁਹਿੰਮ ਦੌਰਾਨ ਸੰਸਦ ਪੁੱਜੇ-ਕਿਸਾਨੀ ਮੁੱਦਾ ਉਠਾਇਆ

ਚੰਡੀਗੜ੍ਹ-ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਭਗਵੰਤ ਮਾਨ ਪੰਜਾਬ ਚੋਣਾਂ ਦੇ ਪ੍ਰਚਾਰ ਨੂੰ ਵਿਚਾਲੇ ਛੱਡ ਕੇ ਪਾਰਲੀਮੈਂਟ 'ਚ ਪੁੱਜ ਗਏ ਤਾਂ ਜੋ ਕਿਸਾਨੀ ਮੁੱਦੇ ਸੰਸਦ ਵਿਚ ਉਠਾਏ ਜਾ ਸਕਣ। ਪੰਜਾਬ ਦੇ ਗੰਨਾ ਕਾਸ਼ਤਕਾਰਾਂ ਦੇ ਮਸਲੇ ਨੂੰ ਉਠਾਉਣ ਲਈ ਸੰਸਦ ਮੈਂਬਰ ਭਗਵੰਤ ਮਾਨ ਆਪਣਾ ਚੋਣ ਪ੍ਰਚਾਰ ਅੱਧ ਵਿਚਕਾਰੇ ਛੱਡ ਕੇ ਅੱਜ ਲੋਕ ਸਭਾ ਵਿਚ ਪੁੱਜ ਗਏ ਜਿਨ੍ਹਾਂ ਨੇ ਗੰਨਾ ਕਾਸ਼ਤਕਾਰਾਂ ਦੇ ਬਕਾਏ ਦਾ ਮੁੱਦਾ ਚੁੱਕਿਆ। ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਕਿਸਾਨੀ ਮੁੱਦਿਆਂ ਨੂੰ ਸੰਖੇਪ ਵਿਚ ਸੰਸਦ ਵਿਚ ਰੱਖਿਆ। ਭਗਵੰਤ ਮਾਨ ਨੇ ਲੋਕ ਸਭਾ ਸੈਸ਼ਨ ਵਿਚ ਕਿਹਾ ਕਿ ਨਿਯਮਾਂ ਅਨੁਸਾਰ ਗੰਨਾ ਕਾਸ਼ਤਕਾਰਾਂ ਨੂੰ ਗੰਨਾ ਮਿੱਲਾਂ ਵੱਲੋਂ 14 ਦਿਨਾਂ ਵਿਚ ਅਦਾਇਗੀ ਕੀਤੀ ਜਾਣੀ ਹੁੰਦੀ ਹੈ ਅਤੇ ਦੇਰੀ ਦੀ ਸੂਰਤ ਵਿਚ ਵਿਆਜ ਵੀ ਤਾਰਨਾ ਹੁੰਦਾ ਹੈ ਪਰ ਪੰਜਾਬ ਦੇ ਗੰਨਾ ਕਾਸ਼ਤਕਾਰਾਂ ਨੂੰ ਹਾਲੇ ਤੱਕ ਉਨ੍ਹਾਂ ਦੇ ਬਕਾਏ ਨਹੀਂ ਮਿਲੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਤਰਫ਼ੋਂ ਜੋ 35 ਰੁਪਏ ਦੀ ਹਿੱਸੇਦਾਰੀ ਵਾਲੀ ਰਕਮ ਦਿੱਤੀ ਜਾਣੀ ਸੀ, ਉਹ ਵੀ ਕਿਸਾਨਾਂ ਨੂੰ ਨਹੀਂ ਮਿਲੀ ਹੈ। ਉਨ੍ਹਾਂ ਆਪਣੇ ਹਲਕੇ ਧੂਰੀ ਵਿਚਲੀ ਭਗਵਾਨਪੁਰਾ ਖੰਡ ਮਿੱਲ ਦਾ ਉਚੇਚਾ ਜ਼ਿਕਰ ਕੀਤਾ। ਉਨ੍ਹਾਂ ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਨਾਲ ਹੋਏ ਖ਼ਰਾਬੇ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਨਰਮਾ ਕਾਸ਼ਤਕਾਰਾਂ ਨੂੰ ਵੀ ਮੁਆਵਜ਼ਾ ਵੰਡਿਆ ਜਾਵੇ। ਭਗਵੰਤ ਮਾਨ ਨੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 743 ਕਿਸਾਨਾਂ-ਮਜ਼ਦੂਰਾਂ ਦੀ ਗੱਲ ਵੀ ਕੀਤੀ। ਭਗਵੰਤ ਮਾਨ ਨੇ ਅਖੀਰ ਵਿਚ ਸੰਤ ਰਾਮ ਉਦਾਸੀ ਨੂੰ ਯਾਦ ਕੀਤਾ ਕਿ 'ਗਲ ਲੱਗ ਕੇ ਸੀਰੀ ਦੇ ਜੱਟ ਰੋਵੇ...'। ਉਨ੍ਹਾਂ ਅਪੀਲ ਕੀਤੀ ਕਿ ਇਹ ਮਸਲੇ ਫ਼ੌਰੀ ਹੱਲ ਕੀਤੇ ਜਾਣ ਤਾਂ ਜੋ ਅੰਨਦਾਤਾ ਭੁੱਖਾ ਨਾ ਸੌਂਵੇ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਰਵਨੀਤ ਬਿੱਟੂ ਪੰਜਾਬ ਚੋਣ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਨਿਯੁਕਤ



ਨਵੀਂ ਦਿੱਲੀ-ਕਾਂਗਰਸ ਨੇ ਲੁਧਿਆਣਾ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਪੰਜਾਬ ਦੀ ਚੋਣ ਮੈਨੇਜਮੈਂਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਪਾਰਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੂਬੇ ਵਿਚ 20 ਫਰਵਰੀ ਨੂੰ ਹੋ ਰਹੀਆਂ ਚੋਣਾਂ ਦੇ ਮੱਦੇਨਜ਼ਰ ਰਵਨੀਤ ਬਿੱਟੂ ਚੋਣ ਪ੍ਰਬੰਧ ਕਰਨ ਵਾਲੀ ਕਮੇਟੀ ਦੀ ਕਮਾਨ ਸੰਭਾਲਣਗੇ। ਜ਼ਿਕਰਯੋਗ ਹੈ ਕਿ ਕਾਂਗਰਸ ਪੰਜਾਬ ਵਿਚ ਸੱਤਾ 'ਚ ਬਣੇ ਰਹਿਣ ਦਾ ਯਤਨ ਕਰ ਰਹੀ ਹੈ। ਇਸ ਨੂੰ 'ਆਪ', ਅਕਾਲੀ ਦਲ-ਬਸਪਾ ਤੇ ਭਾਜਪਾ ਵੱਲੋਂ ਹੋਰਨਾਂ ਧਿਰਾਂ ਨਾਲ ਕੀਤੇ ਗਏ ਗੱਠਜੋੜ ਤੋਂ ਚੁਣੌਤੀ ਮਿਲ ਰਹੀ ਹੈ।

# ਕਾਲੇ ਵਿਅਕਤੀ 'ਤੇ ਹਮਲਾ ਨਫਰਤ ਤੋਂ ਪ੍ਰੇਰਿਤ ਹੋਣ ਦਾ ਸ਼ੱਕ

ਐਡਮਿੰਟਨ-ਐਡਮਿੰਟਨ ਪੁਲਿਸ ਉਸ ਵਿਅਕਤੀ ਦੀ ਗ੍ਰਿਫ਼ਤਾਰੀ ਲਈ ਮਦਦ ਦੀ ਭਾਲ ਕਰ ਰਹੀ ਹੈ ਜਿਸ ਨੇ ਇਕ ਕਾਲੇ ਵਿਅਕਤੀ ਨੂੰ ਘਸੁੰਨ ਤੇ ਠੁੱਡਾਂ ਮਾਰ ਮਾਰ ਕੇ ਬੇਹੋਸ਼ ਕਰਨ ਤੋਂ ਪਹਿਲਾਂ ਨਸਲੀ ਗਾਲੀ ਗਲੋਚ ਕੀਤਾ ਸੀ। ਇਕ ਰਿਲੀਜ਼ ਵਿਚ ਪੁਲਿਸ ਨੇ ਦੱਸਿਆ ਕਿ ਇਹ ਹਮਲਾ 95 ਸਟਰੀਟ ਅਤੇ 114 ਐਵੀਨਿਊ ਇਲਾਕੇ ਵਿਚ 26 ਜਨਵਰੀ ਸ਼ਾਮ 2.30 ਵਜੇ ਦੇ ਲਗਪਗ ਕੀਤਾ ਗਿਆ ਸੀ। ਇਹ ਵਿਅਕਤੀ ਸੜਕ 'ਤੇ ਤੁਰਿਆ ਜਾ ਰਿਹਾ ਸੀ ਜਦੋਂ ਅਚਨਚੇਤ ਉਸ ਉਪਰ ਹਮਲਾ ਕੀਤਾ ਗਿਆ। ਅਣਪਛਾਤੇ ਵਿਅਕਤੀ ਨੇ ਪਹਿਲਾਂ ਸੜਕ ਪਾਰੋਂ ਪੀੜਤ ਨੂੰ ਨਸਲੀ ਗਾਲੀ ਗਲੋਚ ਕੀਤੀ। ਫਿਰ ਉਸ ਨੇ ਸੜਕ ਪਾਰ ਕਰਕੇ ਉਸ ਦੇ ਉਦੋਂ ਤਕ ਘਸੁੰਨ ਮਾਰਦਾ ਰਿਹਾ ਜਦੋਂ ਤਕ ਉਹ ਬੇਹੋਸ਼ ਨਹੀਂ ਹੋ ਗਿਆ ਅਤੇ ਜਦੋਂ ਉਹ ਜ਼ਮੀਨ 'ਤੇ ਡਿਗ ਪਿਆ ਤਾਂ ਉਸ ਦੇ ਠੁੱਡ ਮਾਰਨੇ ਸ਼ੁਰੂ ਕਰ ਦਿੱਤੇ।

# ਬੀ.ਸੀ. 'ਚ ਕੋਰੋਨਾਵਾਇਰਸ ਨਾਲ ਸਬੰਧਤ ਕੋਈ ਮੌਤ ਨਹੀਂ ਹੋਈ

ਵਿਕਟੋਰੀਆ-ਬੀਸੀ ਦੀ ਤਾਜ਼ਾ ਕੋਵਿਡ-19 ਅਪਡੇਟ ਕੁਝ ਸਵਾਗਤੀ ਖ਼ਬਰਾਂ ਨਾਲ ਹੋਈ ਹੈ ਅਤੇ ਸੂਬੇ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨਾਲ ਸਬੰਧਤ ਕੋਈ ਮੌਤ ਨਹੀਂ ਹੋਈ। ਸਿਹਤ ਮੰਤਰਾਲੇ ਨੇ ਦੱਸਿਆ ਕਿ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ 986 'ਤੇ ਸਥਿਰ ਰਹੀ ਜਦਕਿ ਆਈਸੀਯੂ ਵਿਚ ਦਾਖਲ ਮਰੀਜ਼ਾਂ ਦੀ ਗਿਣਤੀ ਵਧ ਕੇ 146 ਹੋ ਗਈ। ਮੌਤਾਂ ਘੱਟ ਹੋਣੀਆਂ ਵੀਕਐਂਡ ਪਿਛੋਂ ਵੱਡਾ ਬਦਲਾਅ ਹੈ ਜਦੋਂ ਕੋਵਿਡ-19 ਨਾਲ ਤਿੰਨ ਦਿਨਾਂ ਵਿਚ 32 ਮੌਤਾਂ ਹੋਈਆਂ ਸਨ ਜਿਸ ਨਾਲ ਪ੍ਰਤੀ ਦਿਨ ਮੌਤਾਂ ਦੀ ਔਸਤ ਗਿਣਤੀ 13 ਹੋ ਗਈ ਅਤੇ ਇਹ 31 ਦਸੰਬਰ 2020 ਪਿੱਛੋਂ ਸਭ ਤੋਂ ਉੱਚੀ ਸੀ।

# ਪ੍ਰਸਿੱਧ ਅਥਲੀਟ ਅਤੇ ਮਹਾਂਭਾਰਤ ਦੇ ਭੀਮ ਪਰਵੀਨ ਕੁਮਾਰ ਦਾ ਦੇਹਾਂਤ

ਨਵੀਂ ਦਿੱਲੀ-ਅਦਾਕਾਰ ਅਤੇ ਅਥਲੀਟ ਪ੍ਰਵੀਨ ਕੁਮਾਰ ਸੋਬਤੀ ਦਾ ਸੋਮਵਾਰ ਰਾਤ ਨੂੰ ਦੇਹਾਂਤ ਹੋ ਗਿਆ। ਇੱਥੇ ਅਸ਼ੋਕ ਵਿਹਾਰ ਸਥਿਤ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਿਆ। ਉਹ 74 ਵਰ੍ਹਿਆਂ ਦੇ ਸਨ। ਪ੍ਰਵੀਨ ਕੁਮਾਰ ਟੀਵੀ ਸੀਰੀਅਲ 'ਮਹਾਭਾਰਤ' ਵਿੱਚ ਨਿਭਾਏ 'ਭੀਮ' ਦੇ ਕਿਰਦਾਰ ਅਤੇ ਏਸ਼ਿਆਈ ਖੇਡਾਂ ਵਿੱਚ ਸੋਨ ਤਗਮੇ ਜੇਤੂ ਵਜੋਂ ਜਾਣੇ ਜਾਂਦੇ ਸਨ। ਪ੍ਰਵੀਨ ਕੁਮਾਰ ਦੇ ਇੱਕ ਰਿਸ਼ਤੇਦਾਰ ਨੇ ਦੱਸਿਆ, "ਉਨ੍ਹਾਂ ਨੂੰ ਲੰਮੇ ਸਮੇਂ ਤੋਂ ਛਾਤੀ ਦੀ ਇਨਫੈਕਸ਼ਨ ਦੀ ਸੀ। ਰਾਤ ਨੂੰ ਜਦੋਂ ਉਨ੍ਹਾਂ ਨੂੰ ਸਾਹ ਲੈਣ 'ਚ ਮੁਸ਼ਕਲ ਹੋਈ, ਅਸੀਂ ਡਾਕਟਰ ਨੂੰ ਘਰ ਬੁਲਾਇਆ। ਦਿਲ ਦਾ ਦੌਰਾ ਪੈਣ ਕਾਰਨ ਉਹ ਰਾਤ 10 ਤੋਂ 10.30 ਦੌਰਾਨ ਚਲਾਣਾ ਕਰ ਗਏ।" ਜ਼ਿਕਰਯੋਗ ਹੈ ਕਿ ਪ੍ਰਵੀਨ ਕੁਮਾਰ ਸੋਬਤੀ 20 ਸਾਲਾਂ ਦੀ ਉਮਰ 'ਚ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਵਿੱਚ ਭਰਤੀ ਹੋਏ ਸਨ, ਜਿੱਥੇ ਪਹਿਲੀ ਵਾਰ



ਉਨ੍ਹਾਂ ਦੇ ਅਥਲੈਟਿਕ ਹੁਨਰ ਦਾ ਪਤਾ ਲੱਗਿਆ। ਉਨ੍ਹਾਂ ਨੇ ਹੈਮਰ ਅਤੇ ਡਿਸਕਸ ਥਰੋਅ ਦੇ ਵੱਖ-ਵੱਖ ਮੁਕਾਬਲਿਆਂ 'ਚ ਦੇਸ਼ ਦੀ ਪ੍ਰਤੀਨਿਧਤਾ ਕੀਤੀ ਅਤੇ ਏਸ਼ਿਆਈ ਖੇਡਾਂ ਵਿੱਚ ਚਾਰ ਤਗਮੇ ਜਿੱਤੇ, ਜਿਨ੍ਹਾਂ ਵਿੱਚ 1966 ਅਤੇ 1970 ਵਿੱਚ ਜਿੱਤੇ ਦੋ ਸੋਨ ਤਗਮੇ ਵੀ ਸ਼ਾਮਲ ਹਨ। ਉਨ੍ਹਾਂ ਨੇ 1966 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗਮਾ ਵੀ ਜਿੱਤਿਆ ਸੀ। ਇਸ ਤੋਂ ਬਾਅਦ ਪ੍ਰਵੀਨ ਕੁਮਾਰ ਨੇ ਅਦਾਕਾਰੀ ਦੇ ਖੇਤਰ ਆਪਣਾ ਕਰੀਅਰ ਸ਼ੁਰੂ ਕੀਤਾ ਅਤੇ 1988 'ਚ ਬੀ.ਆਰ. ਚੋਪੜਾ ਦੇ ਟੀਵੀ ਸੀਰੀਅਲ 'ਚ 'ਮਹਾਭਾਰਤ' ਭੀਮ ਦੀ ਭੂਮਿਕਾ ਨਿਭਾਅ ਕੇ ਪ੍ਰਸਿੱਧੀ ਹਾਸਲ ਕੀਤੀ। ਅਦਾਕਾਰ ਵਜੋਂ ਸੋਬਤੀ ਨੇ ਲਗਪਗ 50 ਫ਼ਿਲਮਾਂ ਵਿੱਚ ਸਹਾਇਕ ਭੂਮਿਕਾ ਨਿਭਾਈ, ਜਿਨ੍ਹਾਂ ਵਿੱਚ 'ਅਧਿਕਾਰ', 'ਯੁੱਧ', 'ਘਾਇਲ', 'ਸ਼ਹਿਨਸ਼ਾਹ' ਅਤੇ 'ਆਜ ਕਾ ਅਰਜੁਨ' ਆਦਿ ਸ਼ਾਮਲ ਹਨ। ਸੋਬਤੀ ਨੇ 2013 ਵਿੱਚ ਸਿਆਸਤ 'ਚ ਪੈਰ ਰੱਖਿਆ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ। ਹਾਲਾਂਕਿ ਉਹ ਭਾਜਪਾ ਦੇ ਮਹੇਂਦਰ ਨਾਗਪਾਲ ਤੋਂ ਚੋਣ ਹਾਰ ਗਏ ਸਨ। ਬਾਅਦ 'ਚ 2014 ਵਿੱਚ ਉਹ ਭਾਜਪਾ ਵਿੱਚ ਸ਼ਾਮਲ ਹੋ ਗਏ। ਪਰਵੀਨ ਕੁਮਾਰ ਦੇ ਪਰਿਵਾਰ ਵਿੱਚ ਪਿੱਛੇ ਪਤਨੀ, ਬੇਟੀ, ਦੋ ਛੋਟੇ ਭਰਾ ਅਤੇ ਇੱਕ ਭੈਣ ਹੈ। ਇਸ ਦੌਰਾਨ ਟੀਵੀ ਤੇ ਫਿਲਮ ਜਗਤ ਨਾਲ ਜੁੜੀਆਂ ਹਸਤੀਆਂ ਨੇ ਪ੍ਰਵੀਨ ਕੁਮਾਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਜੈਸਨ ਕੈਨੀ ਟੀਕਾਰਹਿਤ ਲੋਕਾਂ ਦੀ ਏਡਜ਼ ਮਰੀਜ਼ਾਂ ਨਾਲ ਤੁਲਨਾ ਕਰਨ ਬਦਲੇ ਮੁਆਫੀ ਮੰਗੇ-ਐਨਡੀਪੀ ਅਲਬਰਟਾ

ਐਡਮਿੰਟਨ-ਵਿਰੋਧੀ ਧਿਰ ਚਾਹੁੰਦੀ ਹੈ ਕਿ ਪ੍ਰੀਮੀਅਰ ਮੰਗਲਵਾਰ ਕੋਵਿਡ-19 ਅਪਡੇਟ ਵਿਖੇ ਕੀਤੀਆਂ ਟਿੱਪਣੀਆਂ ਪਿੱਛੋਂ ਮੁਆਫੀ ਮੰਗਣ ਜਿਸ ਵਿਚ ਉਨ੍ਹਾਂ 80 ਦੇ ਦਹਾਕੇ ਵਿਚ ਐਚਆਈਵੀ/ਏਡਜ਼ ਤੋਂ ਪ੍ਰਭਾਵਤ ਲੋਕਾਂ ਨਾਲ ਵਿਤਕਰੇ ਦੀ ਟੀਕਾਰਹਿਤ ਹੋਣ ਦੇ ਸੰਭਾਵਤ ਦਾਗ ਨਾਲ ਤੁਲਨਾ ਕੀਤੀ ਸੀ। ਜੈਸਨ ਕੈਨੀ ਉਸ ਰਵੱਈਏ ਬਾਰੇ ਬੋਲ ਰਹੇ ਸਨ ਜਿਹੜਾ ਉਨ੍ਹਾਂ ਆਨਲਾਈਨ ਦੇਖਿਆ ਹੈ ਜਿਥੇ ਲੋਕ ਰੈਸਟੋਰੈਂਟਾਂ ਵਿਚ ਉਨ੍ਹਾਂ ਲੋਕਾਂ



ਕੋਲ ਬੈਠ ਕੇ ਖਾਣਾ ਖਾਣ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਜਿਨ੍ਹਾਂ ਨੇ ਟੀਕਾ ਨਹੀਂ ਲਗਵਾਇਆ। ਕੈਨੀ ਨੇ ਕਿਹਾ ਕਿ ਇਸ ਭਾਵਨਾ ਤੋਂ ਉਹ ਬਹੁਤ ਚਿੰਤਤ ਹੈ। ਸਾਥੀ ਲੋਕਾਂ ਨਾਲ ਇਸ ਤਰ੍ਹਾਂ ਵਰਤਾਅ ਕਰਨਾ ਜਿਵੇਂ ਉਹ ਕਿਸੇ ਤਰਾਂ ਅਸ਼ੁੱਧ ਹਨ। ਇਸ ਤਰ੍ਹਾਂ ਲੋਕਾਂ ਨੂੰ ਦਾਗੀ ਕਰਨ ਦਾ ਤਰੀਕਾ ਉਨ੍ਹਾਂ ਨੂੰ ਉਸ ਰਵੱਈਏ ਦਾ ਯਾਦ ਦਿਵਾਉਂਦਾ ਹੈ ਜਿਹੜਾ ਐਚਆਈਵੀ/ਏਡਜ਼ ਵਾਲੇ ਲੋਕਾਂ ਬਾਰੇ 80 ਦੇ ਦਹਾਕੇ ਵਿਚ ਉੱਤਰੀ ਅਮਰੀਕਾ ਵਿਚ ਅਪਣਾਇਆ ਹੋਇਆ ਸੀ। ਸਿਹਤ ਕਾਰਨਾਂ ਕਰਕੇ ਦੂਸਰਿਆਂ ਤੋਂ ਦੂਰੀ ਬਣਾ ਕੇ ਰੱਖਣਾ ਬਹੁਤ ਵੰਡਣ ਵਾਲਾ ਰਵੱਈਆ ਹੈ। ਪ੍ਰੀਮੀਅਰ ਨੇ ਕਿਹਾ ਕਿ ਵੱਖਰਾ ਫੈਸਲਾ ਲੈਣ ਵਾਲਿਆਂ ਨੂੰ ਸਮਾਜ ਵਿਚ ਅਣਚਾਹੇ ਸਮਝਣਾ ਸਵੀਕਾਰਯੋਗ ਨਹੀਂ। ਐਨਡੀਪੀ ਹੈਲਥ ਆਲੋਚਕ ਡੇਵਿਡ ਸ਼ੈਪਰਡ ਨੇ ਕਿਹਾ ਕਿ ਸਪਸ਼ਟ ਰੂਪ ਵਿਚ ਇਹ ਪ੍ਰੀਮੀਅਰ ਦੀ ਘਿਨਾਉਣੀ ਟਿੱਪਣੀ ਸੀ, ਸਾਨੂੰ ਪਤਾ ਹੈ ਕਿ ਕੈਲੀਫੋਰਨੀਆ ਵਿਚ ਏਡਜ਼ ਦੇ ਮਰੀਜਾਂ ਦੇ ਅਜ਼ੀਜ਼ਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਰੱਖਣ ਲਈ ਮੁਹਿੰਮ ਚਲਾਈ ਸੀ ਜਦੋਂ ਉਹ ਮਰ ਰਹੇ ਸਨ।

# ਕਾਂਗਰਸੀ ਆਗੂ ਸੁਨੀਲ ਜਾਖੜ ਨੇ ਸਿਆਸਤ ਨੂੰ ਅਲਵਿਦਾ ਕਹੀ

## ਜਾਖੜ ਦਾ ਐਲਾਨ ਚੋਣਾਂ ਦੌਰਾਨ ਕਾਂਗਰਸ ਨੂੰ ਝਟਕਾ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਚੋਣ ਸਿਆਸਤ ਨੂੰ ਅਲਵਿਦਾ ਆਖ ਦਿੱਤਾ ਹੈ। ਉਂਜ ਉਨ੍ਹਾਂ ਕਾਂਗਰਸ ਪਾਰਟੀ ਨਾਲ ਜੁੜੇ ਰਹਿਣ ਦੀ ਗੱਲ ਜ਼ੋਰਦਾਰ ਤਰੀਕੇ ਨਾਲ ਆਖੀ ਹੈ। ਉਨ੍ਹਾਂ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਉਹ ਸਰਗਰਮ ਸਿਆਸਤ ਨੂੰ ਛੱਡ ਰਹੇ ਹਨ ਪ੍ਰੰਤੂ ਉਹ ਕਾਂਗਰਸ ਦਾ ਹਿੱਸਾ ਬਣੇ ਰਹਿਣਗੇ। ਕਾਂਗਰਸ 'ਚ



ਪੰਜਾਬ ਦੇ ਹਿੰਦੂ ਚਿਹਰੇ ਵਜੋਂ ਜਾਣੇ ਜਾਂਦੇ ਸੁਨੀਲ ਜਾਖੜ ਨੇ ਇਹ ਫੈਸਲਾ ਉਦੋਂ ਲਿਆ ਹੈ ਜਦੋਂ ਚੋਣ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ।ਜਾਖੜ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਬਣਾਏ ਜਾਣ ਦੀ ਪੂਰਨ ਹਮਾਇਤ ਕਰਦਿਆਂ ਰਾਹੁਲ ਗਾਂਧੀ ਦੇ ਇਸ ਫ਼ੈਸਲੇ ਨੂੰ ਸ਼ਾਨਦਾਰ ਦੱਸਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੇ ਇਸ ਫ਼ੈਸਲੇ ਨੇ ਵਿਰੋਧੀਆਂ ਦੇ ਮੂੰਹ ਬੰਦ ਕਰ ਦਿੱਤੇ ਹਨ। ਜਾਖੜ ਨੇ ਸਰਗਰਮ ਸਿਆਸਤ ਤੋਂ ਲਾਂਭੇ ਹੋਣ ਦਾ ਰਸਮੀ ਐਲਾਨ ਬੇਸ਼ੱਕ ਹੁਣ ਕੀਤਾ ਹੈ ਲੇਕਿਨ ਉਨ੍ਹਾਂ ਇਸ ਦਾ ਇਸ਼ਾਰਾ ਉਸ ਸਮੇਂ ਹੀ ਕਰ ਦਿੱਤਾ ਸੀ ਜਦੋਂ ਅਬੋਹਰ ਹਲਕਾ ਉਨ੍ਹਾਂ ਆਪਣੇ ਭਤੀਜੇ ਸੰਦੀਪ ਜਾਖੜ ਲਈ ਖਾਲੀ ਕਰ ਦਿੱਤਾ ਸੀ। ਕੁਝ ਦਿਨ ਪਹਿਲਾਂ ਜਾਖੜ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਕੀਤਾ ਗਿਆ ਸੀ ਤਾਂ ਉਨ੍ਹਾਂ (ਜਾਖੜ) ਨੂੰ ਮੁੱਖ ਮੰਤਰੀ ਬਣਾਏ ਜਾਣ ਲਈ 42 ਵਿਧਾਇਕਾਂ ਦੀ ਹਮਾਇਤ ਸੀ। ਸਾਬਕਾ ਲੋਕ ਸਭਾ ਸਪੀਕਰ ਬਲਰਾਮ ਜਾਖੜ ਦੇ ਸਪੁੱਤਰ ਸੁਨੀਲ ਜਾਖੜ ਤਿੰਨ ਦਫਾ ਵਿਧਾਇਕ ਰਹਿ ਚੁੱਕੇ ਹਨ ਅਤੇ ਲੋਕ ਸਭਾ ਮੈਂਬਰ ਵੀ ਬਣੇ ਹਨ। ਉਹ 2017 ਵਿਚ ਵਿਧਾਨ ਸਭਾ ਦੀ ਚੋਣ ਹਾਰ ਗਏ ਸਨ। ਉਹ ਕਾਂਗਰਸ ਪ੍ਰਧਾਨ ਵੀ ਰਹੇ ਅਤੇ ਮਗਰੋਂ ਨਵਜੋਤ ਸਿੱਧੂ ਨੂੰ ਪ੍ਰਧਾਨਗੀ ਸੌਂਪੀ ਗਈ ਸੀ। ਰਾਹੁਲ ਗਾਂਧੀ ਨਾਲ ਉਨ੍ਹਾਂ ਦੀ ਕਾਫੀ ਨੇੜਤਾ ਹੈ। ਜਾਖੜ ਨੇ ਉਦੋਂ ਅੰਬਿਕਾ ਸੋਨੀ ਨੂੰ ਨਿਸ਼ਾਨੇ 'ਤੇ ਲਿਆ ਸੀ ਜਦੋਂ ਅੰਬਿਕਾ ਸੋਨੀ ਨੇ ਕਿਹਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਸਿਰਫ ਸਿੱਖ ਹੀ ਬਣੇਗਾ। ਜਾਖੜ ਨੇ ਕਿਹਾ ਸੀ ਕਿ ਕਾਂਗਰਸ ਪਾਰਟੀ ਇੱਕ ਧਰਮ ਨਿਰਪੱਖ ਪਾਰਟੀ ਹੈ ਜਿਸ ਵਿਚ ਅਜਿਹੇ ਵਿਵਹਾਰ ਲਈ ਕੋਈ ਥਾਂ ਨਹੀਂ ਹੈ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਕਿਸਾਨ ਮੋਰਚੇ ਦੇ ਹੀਰੋ ਡਾ: ਸਵੈਮਾਨ ਸਿੰਘ ਨੇ ਜਾਰੀ ਕੀਤਾ ਅਸ਼ਟਾਮੀ ਵਾਅਦੇ ਵਾਲਾ ਚੋਣ ਮਨੋਰਥ ਪੱਤਰ

ਚੰਡੀਗੜ੍ਹ (ਦਵਿੰਦਰਪਾਲ)-ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਿਸਾਨ ਜਥੇਬੰਦੀਆਂ 'ਤੇ ਆਧਾਰਤ ਨਵੀਂ ਗਠਿਤ ਪਾਰਟੀ ਸੰਯੁਕਤ ਸਮਾਜ ਮੋਰਚੇ ਦੀ ਅਗਵਾਈ ਵਾਲੇ ਉਮੀਦਵਾਰਾਂ ਦੀ ਹਮਾਇਤ ਵਿੱਚ ਨਿੱਤਰੇ ਡਾ. ਸਵੈਮਾਨ ਸਿੰਘ ਨੇ ਵਿਧਾਨ ਸਭਾ ਚੋਣਾਂ ਸਬੰਧੀ ਇੱਥੇ ਆਪਣਾ ਵੱਖਰਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। 'ਅਸ਼ਟਾਮੀ ਵਾਅਦੇ' ਨਾਮ ਹੇਠ ਜਾਰੀ ਇਸ ਚੋਣ ਮਨੋਰਥ ਪੱਤਰ ਵਿੱਚ ਅਮਰੀਕਾ ਰਹਿੰਦੇ ਪੰਜਾਬੀ ਡਾਕਟਰ ਨੇ ਸੂਬੇ ਦੇ ਬਿਹਤਰੀ ਅਤੇ ਲੋਕਾਂ ਦੇ ਚੰਗੇਰੇ ਭਵਿੱਖ ਲਈ 20 ਵਾਅਦੇ ਕੀਤੇ ਹਨ। ਪੰਜਾਬ ਤੋਂ ਉਠੇ ਕਿਸਾਨੀ ਅੰਦੋਲਨ ਦੌਰਾਨ ਡਾ. ਸਵੈਮਾਨ ਸਿੰਘ ਸੁਰਖੀਆਂ ਵਿੱਚ ਆਏ ਸਨ, ਜਿਨ੍ਹਾਂ ਮਹੀਨਿਆਂਬੱਧੀ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਦੀ ਸਿਹਤ-ਸੰਭਾਲ ਲਈ ਉਚੇਚੇ ਪ੍ਰਬੰਧ ਕੀਤੇ। ਵਿਧਾਨ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਡਾ. ਸਵੈਮਾਨ ਸਿੰਘ ਨੇ ਪੰਜਾਬੀਆਂ ਨੂੰ ਸੂਬੇ ਦੇ ਬਿਹਤਰੀ ਲਈ ਰਵਾਇਤੀ ਪਾਰਟੀਆਂ ਦਾ ਵਿਰੋਧ ਕਰਕੇ ਨਵਾਂ ਪੰਜਾਬ ਸਿਰਜਣ ਦਾ ਬੀੜਾ ਚੁੱਕਿਆ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 11 ਫਰਵਰੀ ਤੋਂ ਪੰਜਾਬ ਭਰ ਦੀ ਯਾਤਰਾ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿਮ ਵਿੱਢੀ ਜਾਵੇਗੀ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦਾ ਏਜੰਡਾ ਲੋਕਾਂ ਨੂੰ ਗੁਰਬਤ ਤੇ ਅਨਪੜ੍ਹਤਾ 'ਚ ਧੱਕਣਾ ਹੈ। ਪੰਜਾਬ ਦੇ ਲੋਕਾਂ ਨਾਲ 20 ਅਸ਼ਟਾਮੀ ਵਾਅਦੇ ਕਰਦਿਆਂ ਡਾ. ਸਵੈਮਾਨ ਸਿੰਘ ਨੇ ਕਿਹਾ ਕਿ ਜੇਕਰ ਪੰਜਾਬ ਦੀ ਸੱਤਾ ਹਾਸਲ ਹੁੰਦੀ ਹੈ ਤਾਂ ਪੰਜ ਸਾਲਾਂ ਦੇ ਅੰਦਰ-ਅੰਦਰ 35 ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ। ਸੂਬੇ ਨੂੰ 100 ਫੀਸਦੀ ਨਸ਼ਾ ਤੇ ਭ੍ਰਿਸ਼ਟਾਚਾਰਮੁਕਤ ਬਣਾਇਆ ਜਾਵੇਗਾ। ਔਰਤਾਂ ਲਈ ਸੁਰੱਖਿਅਤ ਸਮਾਜ ਤੇ ਮਾਹੌਲ ਸਿਰਜਿਆ ਜਾਵੇਗਾ। ਪੰਜਾਬ ਦੇ ਪਾਣੀਆਂ ਦੀ ਵਸੂਲੀ ਵਿਆਜ਼ ਸਮੇਤ ਕੀਤੀ ਜਾਵੇਗੀ। ਕਿਸਾਨਾਂ ਨੂੰ ਸਮਰਥਨ ਮੁੱਲ ਦਿੱਤਾ ਜਾਵੇਗਾ। ਕਿਸਾਨੀ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇਗਾ। ਪੰਜਾਬ ਦੇ ਕਿਸਾਨਾਂ ਨੂੰ ਕੌਮਾਂਤਰੀ ਪੱਧਰ 'ਤੇ ਖੇਤੀ ਕਰਨ ਦੇ ਮੌਕੇ ਦਿੱਤੇ ਜਾਣਗੇ। ਸੂਬੇ ਵਿੱਚ ਫਰਾਂਸ ਦਾ ਸਿਹਤ ਢਾਂਚਾ ਲਾਗੂ ਕਰਕੇ ਪੰਜਾਬੀਆਂ ਨੂੰ ਮੁਫ਼ਤ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ ਅਤੇ ਕੈਂਸਰ ਨੂੰ ਜੜੋਂ ਪੁੱਟਿਆ ਜਾਵੇਗਾ। ਮਾਨਸਿਕ ਤੇ ਸਰੀਰਕ ਤੌਰ 'ਤੇ ਅਪੰਗ ਵਿਅਕਤੀਆਂ ਨੂੰ 8400 ਰੁਪਏ ਦੀ ਵਿੱਤੀ ਮਦਦ ਪ੍ਰਤੀ ਮਹੀਨਾ ਦਿੱਤੀ ਜਾਵੇਗੀ। ਯੂਨੀਵਰਸਿਟੀ ਪੱਧਰ ਤੱਕ ਦੀ ਪੜ੍ਹਾਈ ਅਮਰੀਕੀ ਮਾਡਲ 'ਤੇ ਆਧਾਰਤ ਹੋਵੇਗੀ। ਨੀਟ, ਆਈਏਐੱਸ, ਆਈਪੀਐੱਸ ਅਤੇ ਆਇਲੈਟਸ ਦੀ ਸਿਖਲਾਈ ਮੁਫ਼ਤ ਦਿੱਤੀ ਜਾਵੇਗੀ। ਹਰੇਕ ਗਰੈਜੂਏਟ ਵਿਅਕਤੀ ਨੂੰ ਰੁਜ਼ਗਾਰ ਖੋਲ੍ਹਣ ਲਈ 10 ਲੱਖ ਰੁਪਏ ਤੱਕ ਦਾ ਕਰਜ਼ਾ ਬਿਨਾਂ ਵਿਆਜ਼ ਤੋਂ ਦਿੱਤਾ ਜਾਵੇਗਾ। ਮਨੁੱਖੀ ਅਧਿਕਾਰਾਂ ਦੀ ਰਾਖੀ ਯਕੀਨੀ ਬਣਾਈ ਜਾਵੇਗੀ। ਕੁਦਰਤੀ ਮੌਤ ਹੋਣ 'ਤੇ ਵਾਰਿਸਾਂ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਪੰਜਾਬੀ ਨੂੰ ਮੁੱਖ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇਗੀ। ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਲਈ ਭਲਾਈ ਯੋਜਨਾਵਾਂ ਤਹਿਤ ਲਾਭ 6 ਮਹੀਨਿਆਂ ਦੇ ਅੰਦਰ-ਅੰਦਰ ਦਿੱਤਾ ਜਾਵੇਗਾ। ਹਰੇਕ ਪਿੰਡ ਵਿੱਚ ਖੇਡ ਮੈਦਾਨ ਬਣਾਇਆ ਜਾਵੇਗਾ ਤੇ ਛੇ ਮਹੀਨਿਆਂ 'ਚ ਬੇਘਰਿਆਂ ਨੂੰ ਘਰ ਬਣਾ ਕੇ ਦਿੱਤੇ ਜਾਣਗੇ। ਇਸ ਮੌਕੇ ਡਾ. ਕੰਵਲਜੀਤ ਕੌਰ ਢਿੱਲੋਂ ਅਤੇ ਹੋਰ ਕਈ ਆਗੂ ਵੀ ਮੌਜੂਦ ਸਨ।




## ਵੈਨਕੂਵਰ ਵਾਈਟਕੈਪਸ ਔਰਤਾਂ ਦੇ ਸਾਬਕਾ ਕੋਚ ਨੇ ਜਿਣਸੀ ਦੋਸ਼ਾਂ ਦਾ ਕੀਤਾ ਇਕਬਾਲ

ਵਿਕਟੋਰੀਆ-ਬੌਬ ਬਿਰਰਡਾ ਜਦੋਂ ਵੀਡੀਓ ਰਾਹੀਂ ਨੌਰਥ ਵੈਨਕੂਵਰ ਕੋਰਟਰੂਮ ਵਿਚ ਪੇਸ਼ ਹੋਇਆ ਤਾਂ ਉਸ ਨੇ ਜਿਣਸੀ ਹਮਲੇ ਅਤੇ ਜਿਣਸੀ ਤੌਰ 'ਤੇ ਛੂਹਣ ਦੇ ਤਿੰਨ ਦੋਸ਼ਾਂ ਵਿਚ ਆਪਣਾ ਕਸੂਰ ਸਵੀਕਾਰ ਕਰ ਲਿਆ। ਇਹ ਦੋਸ਼ ਬਿਰਰਡਾ ਦੇ ਦੁਰਵਿਵਹਾਰ ਬਾਰੇ 2019 ਦੀ ਬਲੌਗ ਪੋਸਟ ਨਾਲ ਮੀਡੀਆ ਵਿਚ ਆਏ ਤੂਫਾਨ ਦਾ ਨਤੀਜਾ ਹੈ। ਸਿਆਰਾ ਮੈਕਕੋਰਮੈਕ ਦੀ ਕਹਾਣੀ ਨੇ ਹੋਰ ਸਾਬਕਾ ਖਿਡਾਰੀਆਂ ਦੀਆਂ ਸ਼ਿਕਾਇਤਾਂ ਦਾ ਹੜ੍ਹ ਲਿਆਂਦਾ ਅਤੇ ਛੇਤੀ ਹੀ ਇਸ ਕਹਾਣੀ ਨੇ ਅੰਤਰਰਾਸ਼ਟਰੀ ਧਿਆਨ ਖਿੱਚਿਆ। ਬਿਰਰਡਾ ਜਿਹੜਾ ਵਾਈਟਰੌਕ ਵਿਚ ਕੋਸਟਲ ਐਫਸੀ ਵਿਖੇ ਕਿਸ਼ੋਰ ਲੜਕੀਆਂ ਨੂੰ ਹੁਣ ਤਕ ਕੋਚਿੰਗ ਦਿੰਦਾ ਰਿਹਾ ਹੈ ਨੂੰ ਉਸ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਹੈ। ਉਸ ਨੇ ਉਸ ਸਮੇਂ ਤੋਂ ਕੋਚਿੰਗ ਨਹੀਂ ਦਿੱਤੀ। ਖਿਡਾਰੀਆਂ ਜਿਨ੍ਹਾਂ ਨੂੰ ਬਿਰਰਡਾ ਨੇ ਕੋਚਿੰਗ ਦਿੱਤੀ ਸੀ ਨੇ ਪਿਛਲੇ ਤਿੰਨ ਸਾਲਾਂ ਵਿਚ ਕਈ ਮੀਡੀਆ ਰਿਪੋਰਟਾਂ ਵਿਚ ਆਪਣੇ ਦੁੱਖੀ ਕਰਨ ਵਾਲੇ ਅਨੁਭਵ ਦੇ ਵੇਰਵੇ ਦਿੱਤੇ ਹਨ। ਸਜ਼ਾ ਲਈ ਤਾਰੀਕ ਨਿਰਧਾਰਤ ਕਰਨ ਵਾਸਤੇ ਉਹ 15 ਫਰਵਰੀ ਨੂੰ ਅਦਾਲਤ ਵਿਚ ਪੇਸ਼ ਹੋਵੇਗਾ।

# ਅਲਬਰਟਾ ਵਲੋਂ ਸਾਰੀਆਂ ਕੋਵਿਡ-19 ਪਾਬੰਦੀਆਂ ਪੜਾਅ ਵਾਰ ਹਟਾਉਣ ਦਾ ਐਲਾਨ

ਸਫ਼ਾ 1 ਦੀ ਬਾਕੀ

ਪਾਬੰਦੀਆਂ ਨੂੰ ਹਟਾ ਦਿੱਤਾ ਜਾਵੇਗਾ। ਉਸ ਸਮੇਂ ਸਮਾਜਿਕ ਇਕੱਠਾਂ ਅਤੇ ਘਰ ਤੋਂ ਕੰਮ ਕਰਨ ਦੀਆਂ ਸ਼ਰਤਾਂ ਅਤੇ ਸੂਬੇ ਵਿਚ ਲਾਜ਼ਮੀ ਮਾਸਕ ਪਹਿਨਣਾ ਹਟਾ ਦਿੱਤਾ ਜਾਵੇਗਾ। ਸਮਰਥਾ ਸੀਮਾਵਾਂ ਵੀ ਖਤਮ ਕਰ ਦਿੱਤੀਆਂ ਜਾਣਗੀਆਂ। ਤੀਸਰਾ ਪੜਾਅ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਲੋਕਾਂ ਦੇ ਹਸਪਤਾਲਾਂ ਵਿਚ ਦਾਖਲ ਹੋਣ ਦੀ ਦਰ ਕਿੰਨੀ ਘਟਦੀ ਹੈ ਅਤੇ ਬਾਕੀ ਸਾਰੀਆਂ ਜਨਤਕ ਸਿਹਤ ਉਪਾਵਾਂ ਨੂੰ ਹਟਾ ਦਿੱਤਾ ਜਾਵੇਗਾ ਅਤੇ ਲਾਜ਼ਮੀ ਇਕਾਂਤਵਾਸ ਦੀਆਂ ਸ਼ਰਤਾਂ ਸਿਫਾਰਸ਼ ਬਣ ਕੇ ਰਹਿ ਜਾਣਗੀਆਂ। ਕੈਨੀ ਤੇ ਸਿਹਤ ਮੰਤਰੀ ਜੈਸਨ ਕੋਪਿੰਗ ਦੋਵਾਂ ਨੇ ਬਹੁਤ ਵਾਰ ਆਖਿਆ ਕਿ ਜੇਕਰ ਸਿਹਤ ਸੰਭਾਲ ਪ੍ਰਣਾਲੀ 'ਤੇ ਦਬਾਅ ਨਹੀਂ ਘਟਦਾ ਤਾਂ ਪੜਾਅ ਵਾਰ ਪਹੁੰਚ ਨੂੰ ਰੋਕਿਆ ਜਾ ਸਕਦਾ। ਚੀਫ ਮੈਡੀਕਲ ਅਫਸਰ ਸਿਹਤ ਡਾ. ਦੀਨਾ ਹਿੰਸ਼ਾਅ ਨੇ ਕਿਹਾ ਕਿ ਸੂਬੇ ਵਿਚ ਕੋਵਿਡ ਦੇ 1623 ਮਰੀਜ਼ ਦਾਖਲ ਹਨ ਜਿਨ੍ਹਾਂ ਵਿਚੋਂ 129 ਆਈਸੀਯੂ ਵਿਚ ਹੈ।



# ਵਿੰਨੀਪੈਗ ਦੇ ਮੇਅਰ ਨੇ ਟਰੱਕ ਡਰਾਈਵਰਾਂ ਦੇ ਪ੍ਰਦਰਸ਼ਨ ਨੂੰ ਗੈਰਕਾਨੂੰਨੀ ਕਬਜ਼ਾ ਆਖਿਆ

ਵਿਨੀਪੈਗ-ਵਿਨੀਪੈਗ ਦੇ ਮੇਅਰ ਬਰਾਇਨ ਬੋਮੈਨ ਨੇ ਮਨੀਟੋਬਾ ਲੈਜਿਸਲੇਚਰ ਦੇ ਬਾਹਰ ਟਰੱਕ ਡਰਾਈਵਰਾਂ ਦੇ ਪ੍ਰਦਰਸ਼ਨ ਨੂੰ ਗੈਰਕਾਨੂੰਨੀ ਕਬਜ਼ਾ ਆਖਦਿਆਂ ਇਸ ਦੇ ਵਧਣ ਤੋਂ ਪਹਿਲਾਂ ਇਸ ਨੂੰ ਖਤਮ ਕਰਨ ਲਈ ਸਿਟੀ ਪੁਲਿਸ ਵੱਲ ਵੇਖ ਰਹੇ ਹਨ। ਬੋਮੈਨ ਨੇ ਕਿਹਾ ਕਿ ਇਹ ਪ੍ਰਦਰਸ਼ਨ ਹੋਰਨਾਂ ਨਾਲੋਂ ਵੱਖਰਾ ਹੈ ਜਿਹੜੇ ਉਨ੍ਹਾਂ ਨੇ ਮੇਅਰ ਵਜੋਂ ਆਪਣੇ ਕਾਰਜਕਾਲ ਦੌਰਾਨ ਦੇਖੇ ਹਨ। ਮੇਰਾ ਖਿਆਲ ਹੈ ਕਿ ਸਾਡੀਆਂ ਸਰਕਾਰੀ ਸੜਕਾਂ 'ਤੇ ਇਹ ਗੈਰਕਾਨੂੰਨੀ ਕਬਜ਼ਾ ਹੈ। ਬੋਮੈਨ ਨੇ ਕਿਹਾ ਕਿ ਪ੍ਰਦਰਸ਼ਨ ਜਿਹੜਾ ਪੰਜਵੇਂ ਦਿਨ ਵਿਚ ਦਾਖਲ ਹੋ ਗਿਆ, ਜਨਤਕ ਸੜਕਾਂ ਤਕ ਪਹੁੰਚ ਨੂੰ ਰੋਕ ਕੇ ਅਤੇ ਸ਼ੋਰ ਤੇ ਪ੍ਰੇਸ਼ਾਨੀ ਨਾਲ ਆਮ ਜਨਤਾ ਦੇ ਜੀਵਨ ਵਿਚ ਵਿਘਨ ਪਾ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਵਿਨੀਪੈਗ ਵਾਸੀ ਇਹ ਜਾਨਣ ਕਿ ਅਸੀਂ ਉਨ੍ਹਾਂ ਦੀ ਗੱਲ ਉੱਚੀ ਤੇ ਸਪਸ਼ਟ ਰੂਪ ਵਿਚ ਸੁਣ ਰਹੇ ਹਾਂ। ਜੋ ਕੁਝ ਅਸੀਂ ਸੁਣ ਰਹੇ ਹਾਂ ਉਹ ਇਹ ਹੈ ਕਿ ਵਿਨੀਪੈਗ ਵਾਸੀ ਕਾਨੂੰਨ ਲਾਗੂ ਕਰਨਾ ਚਾਹੁੰਦੇ ਹਨ। ਮਹਾਂਮਾਰੀ ਨਾਲ ਸਬੰਧਤ ਟੀਕਾ ਆਦੇਸ਼ਾਂ ਤੇ ਦੂਸਰੇ ਜਨਤਕ ਸਿਹਤ ਉਪਾਵਾਂ ਖਿਲਾਫ ਸ਼ੁੱਕਰਵਾਰ ਸ਼ੁਰੂ ਹੋਇਆ ਪ੍ਰਦਰਸ਼ਨ ਓਟਵਾ ਵਿਚ ਚਲ ਰਹੇ ਮੁਜ਼ਾਹਰੇ ਨਾਲ ਇਕਜੁਟਤਾ ਦਾ ਪ੍ਰਗਟਾਵਾ ਹੈ। ਬੋਮੈਨ ਨੇ ਕਿਹਾ ਕਿ ਇਸ ਸਮੇਂ ਐਮਰਜੈਂਸੀ ਸਥਿਤੀ 'ਤੇ ਵਿਚਾਰ ਨਹੀਂ ਕੀਤੀ ਜਾ ਰਹੀ ਹੈ ਅਤੇ ਕਿਹਾ ਕਿ ਸ਼ਹਿਰ ਵਿਚ ਓਟਵਾ ਵਰਗੀ ਸਥਿਤੀ ਨਹੀਂ। ਮੇਅਰ ਨੇ ਕਿਹਾ ਕਿ ਵਿਨੀਪੈਗ ਪੁਲਿਸ ਸਰਵਿਸ ਮੁਜ਼ਾਹਰੇ ਨਾਲ ਨਜਿੱਠਣ ਵਾਲੀ ਪ੍ਰਮੁੱਖ ਏਜੰਸੀ ਹੈ ਅਤੇ ਇਸ ਕੋਲ ਸਾਰੇ ਕਾਨੂੰਨਾਂ ਨੂੰ ਲਾਗੂ ਕਰਨ ਦਾ ਅਧਿਕਾਰ ਹੈ ਅਤੇ ਇਸ ਦੀ ਜ਼ਿੰਮੇਵਾਰੀ ਹੈ। ਸੂਬਾ ਕਾਨੂੰਨ ਚੁਣੇ ਹੋਏ ਅਧਿਕਾਰੀਆਂ ਨੂੰ ਪੁਲਿਸ ਨੂੰ ਹਦਾਇਤ ਦੇਣ ਤੋਂ ਰੋਕਦੇ ਹਨ।

# ਸਰਹੱਦ 'ਤੇ ਠੰਢ ਨਾਲ ਮਰੇ ਭਾਰਤੀਆਂ ਦੇ ਰਿਸ਼ਤੇਦਾਰ ਅੰਤਿਮ ਸੰਸਕਾਰ 'ਚ ਹੋਏ ਸ਼ਾਮਿਲ

ਵਿਨੀਪੈਗ-ਕੈਨੇਡਾ ਤੋਂ ਪੈਦਲ ਚਲ ਕੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਸਮੇਂ ਕੈਨੇਡਾ-ਅਮਰੀਕਾ ਸਰਹੱਦ ਨੇੜੇ ਮਰੇ ਚਾਰ ਭਾਰਤੀ ਪ੍ਰਵਾਸੀਆਂ ਦਾ ਲਗਪਗ ਦੋ ਹਫ਼ਤਿਆਂ ਪਿੱਛੋਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਸਮੇਂ ਭਾਰਤੀ ਜੋੜੇ ਅਤੇ ਦੋਵੇਂ ਬੱਚਿਆਂ ਦੇ ਤਾਬੂਤਾਂ 'ਤੇ ਲਾਲ ਤੇ ਚਿੱਟੇ ਰੰਗ ਦੇ ਫੁੱਲਾਂ ਦੇ ਗੁਲਦਸਤੇ ਰੱਖੇ ਹੋਏ ਸਨ। ਫਿਊਨਰਲ ਹੋਮ ਵਿਖੇ ਅੰਤਿਮ ਸੰਸਕਾਰ ਦੀਆਂ ਦੋ ਘੰਟੇ ਦੀਆਂ ਰਸਮਾਂ ਵਿਚ ਅਮਰੀਕਾ ਤੇ ਭਾਰਤ ਤੋਂ ਲਗਪਗ ਇਕ ਦਰਜਨ ਪਰਿਵਾਰਕ ਮੈਂਬਰ ਸ਼ਾਮਿਲ ਹੋਏ। ਉਨ੍ਹਾਂ ਰਿਸ਼ਤੇਦਾਰਾਂ ਲਈ ਅੰਤਿਮ ਸੰਸਕਾਰ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ ਜਿਹੜੇ ਇਸ ਵਿਚ ਸ਼ਾਮਿਲ ਨਹੀਂ ਹੋ ਸਕੇ। ਅੰਤਿਮ ਸੰਸਕਾਰ ਨੂੰ ਲਗਪਗ 20000 ਵਿਅਕਤੀਆਂ ਨੇ ਦੇਖਿਆ। ਆਰਸੀਐਮਪੀ ਤੇ ਕੂਟਨੀਤਕ ਅਧਿਕਾਰੀਆਂ ਨੇ ਪਰਿਵਾਰ ਦੀ ਪਛਾਣ 39 ਸਾਲਾ ਜਗਦੀਸ਼ ਪਟੇਲ, ਉਸ ਦੀ 37 ਸਾਲਾ ਪਤਨੀ ਵੈਸ਼ਲੀਬੇਨ ਪਟੇਲ, ਉਨ੍ਹਾਂ ਦੀ 11 ਸਾਲਾ ਧੀ ਵਿਹੰਗੀ ਤੇ ਤਿੰਨ ਸਾਲਾ ਪੁੱਤਰ ਧਾਰਮਿਕ ਵਜੋਂ ਕੀਤੀ ਸੀ। ਅਧਿਕਾਰੀਆਂ ਨੂੰ 19 ਜਨਵਰੀ ਨੂੰ ਉਨ੍ਹਾਂ ਦੀਆਂ ਲਾਸ਼ਾਂ ਬਰਫ ਵਿਚੋਂ ਮਿਲੀਆਂ ਸਨ। ਪੁਲਿਸ ਨੂੰ ਸ਼ੱਕ ਹੈ ਕਿ ਚਾਰੇ ਵੱਡੇ ਪੱਧਰ 'ਤੇ ਹੋ ਰਹੀ ਮਨੁੱਖੀ ਤਸਕਰੀ ਦਾ ਹਿੱਸਾ ਸਨ। ਸਰਹੱਦ ਦੇ ਅਮਰੀਕਾ ਵਾਲੇ ਪਾਸੇ ਫਲੋਰੀਡਾ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਮਨੁੱਖੀ ਤਸਕਰੀ ਦੇ ਦੋਸ਼ ਲਗਾਏ ਗਏ ਹਨ।

# ਬੀਸੀ ਲਿਬਰਲ ਪਾਰਟੀ 'ਤੇ ਆਪਣਾ ਪ੍ਰਭਾਵ ਛੱਡਣ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਕੇਵਿਨ ਫਾਲਕਨ

ਵਿਕਟੋਰੀਆ-ਬੀਸੀ ਲਿਬਰਲ ਲੀਡਰ ਕੇਵਿਨ ਫਾਲਕਨ ਨੇ ਤੇਜ਼ ਸ਼ੁਰੂਆਤ ਕੀਤੀ ਹੈ ਅਤੇ ਉਨ੍ਹਾਂ ਕੁਝ ਨੀਤੀ ਤਰਜੀਹਾਂ ਦਾ ਸੰਕੇਤ ਦਿੰਦਿਆਂ ਆਪੋਜੀਸ਼ਨ ਆਲੋਚਕਾਂ ਦੀ ਸੋਧੇ ਹੋਏ ਜਾਂ ਨਵੇਂ ਗਰੁੱਪ (ਲਾਈਨਅਪ) ਦੀ ਪ੍ਰਧਾਨਗੀ ਕੀਤੀ। ਫਾਲਕਨ ਨੇ ਆਪਣੀ ਪ੍ਰੈਸ ਕਾਨਫਰੰਸ ਦੀ ਕੈਂਸਰ ਨਾਲ ਜੂਝ ਰਹੇ ਪ੍ਰੀਮੀਅਰ ਜੌਹਨ ਹੋਰਗਨ ਦੀ ਮੁਕੰਮਲ ਤੰਦਰੁਸਤੀ ਦੀ ਕਾਮਨਾ ਕਰਦਿਆਂ ਸ਼ੁਰੂਆਤ ਕੀਤੀ। ਫਾਲਕਨ ਨੇ ਕਿਹਾ ਕਿ ਉਹ ਇਕ ਚੰਗਾ ਇਨਸਾਨ ਹੈ। ਸੋਮਵਾਰ ਫਾਲਕਨ ਨੂੰ ਕੁਝ ਸਵਾਗਤ ਵਾਲੀਆਂ ਖ਼ਬਰਾਂ ਮਿਲੀਆਂ। ਪਾਰਟੀ ਦੇ ਸਾਬਕਾ ਨੇਤਾ ਐਂਡਰਿਊ ਵਿਲਕਿਨਸਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਵੈਨਕੂਵਰ-ਕੁਇਨਲਚੇਨਾ ਤੋਂ ਐਮਐਲਏ ਵਜੋਂ ਅਸਤੀਫਾ ਦੇ ਦੇਣਗੇ। ਇਸ ਨੂੰ ਲੈਜਿਸਲੇਚਰ ਵਿਚ ਬੀਸੀ ਵਿਚ ਲਿਬਰਲ ਦੀਆਂ ਸਭ ਤੋਂ ਸੁਰੱਖਿਅਤ ਸੀਟਾਂ ਵਿਚੋਂ ਇਕ ਸਮਝਿਆ ਜਾਂਦਾ ਹੈ। ਸਾਬਕਾ ਲਿਬਰਲ ਨੇਤਾ ਵਿਲਕਿਨਸਨ ਨੇ ਜ਼ਿਮਨੀ ਚੋਣ ਵਿਚ ਫਾਲਕਨ ਲਈ ਸੀਟ ਦਾ ਰਸਤਾ ਸਾਫ ਕਰਨ ਲਈ ਅਸਤੀਫਾ ਦਿੱਤਾ ਹੈ। ਜਦੋਂ ਐਨਡੀਪੀ ਕੈਬਨਿਟ ਮੰਤਰੀ ਰਵੀ ਕਾਹਲੋਂ ਨੂੰ ਚੋਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਪੇਸ਼ੀਨਗੋਈ ਕੀਤੀ ਕਿ ਸਰਕਾਰ ਫਾਲਕਨ ਨੂੰ ਲੈਜਿਸਲੇਚਰ ਵਿਚ ਵਾਪਸੀ ਦਾ ਮੌਕਾ ਪ੍ਰਦਾਨ ਕਰਨ ਲਈ ਛੇਤੀ ਨਾਲ ਕਾਰਵਾਈ ਕਰੇਗੀ। ਜਦੋਂ ਤਕ ਫਾਲਕਨ ਨੂੰ ਸੀਟ ਨਹੀਂ ਮਿਲਦੀ ਸ਼ਰਲੀ ਬੌਂਡ ਵਿਰੋਧੀ ਧਿਰ ਦੀ ਅਧਿਕਾਰਤ ਨੇਤਾ ਬਣੇ ਰਹਿਣਗੇ। ਫਾਲਕਨ ਨੇ ਉਸ ਨਾਲ ਨਵੇਂ ਗਰੁੱਪ ਬਾਰੇ ਸਲਾਹ ਮਸ਼ਵਰਾ ਕੀਤਾ ਅਤੇ ਉਸ ਨੂੰ ਹਾਲ ਦੀ ਘੜੀ ਆਪਣੇ ਅਹੁਦੇ 'ਤੇ ਬਣੇ ਰਹਿਣ ਲਈ ਕਿਹਾ।

# ਬੀ.ਸੀ. ਵਿਚ ਇਕ ਪੰਜਾਬੀ ਵਿਦਿਆਰਥੀ ਦੀ ਲਾਸ਼ ਮਿਲੀ

ਸਰੀ (ਹਰਦਮ ਮਾਨ)-ਪੰਜਾਬੀ ਭਾਈਚਾਰੇ ਲਈ ਇਹ ਬੜੀ ਦੁਖਦਾਈ ਖ਼ਬਰ ਹੈ ਕਿ ਬੀਸੀ ਦੇ ਸ਼ਹਿਰ ਕੈਮਲੂਪਸ ਦੇ ਨੇੜੇ ਪੇਂਡੂ ਖੇਤਰ ਵਿਚ ਇਕ 18 ਸਾਲਾ ਵਿਦਿਆਰਥੀ ਦੀ ਲਾਸ਼ ਮਿਲੀ ਹੈ। ਉਸ ਦੀ ਪਛਾਣ ਜਗਰਾਜ ਢੀਂਡਸਾ ਵਜੋਂ ਕੀਤੀ ਗਈ ਹੈ। ਜਗਰਾਜ ਢੀਂਡਸਾ ਸਾ-ਹਾਲੀ ਸੈਕੰਡਰੀ ਸਕੂਲ ਕੈਮਲੂਪਸ, ਬ੍ਰਿਟਿਸ਼ ਕੋਲੰਬੀਆ ਦਾ ਵਿਦਿਆਰਥੀ ਸੀ। ਇਹ ਕੈਨੇਡਾ ਦਾ ਇੱਕ ਪਬਲਿਕ ਹਾਈ ਸਕੂਲ ਹੈ ਅਤੇ ਸਕੂਲ ਡਿਸਟ੍ਰਿਕਟ 73 ਕੈਮਲੂਪਸ/ਥੌਮਸਨ ਦਾ ਇੱਕ ਹਿੱਸਾ ਹੈ। ਜੁਗਰਾਜ ਦੀ ਮੌਤ ਦੀ ਪੁਸ਼ਟੀ ਕਰਦਿਆਂ ਬੀ ਸੀ ਆਰਸੀਐੱਮਪੀ ਦੀ ਦੱਖਣ ਪੂਰਬੀ ਡਿਸਟ੍ਰਿਕ ਮੇਜਰ ਕ੍ਰਾਈਮ ਯੂਨਿਟ ਨੇ ਨਿਊਜ਼ ਰਿਲੀਜ਼ ਵਿੱਚ ਕਿਹਾ ਹੈ ਕਿ ਜਗਰਾਜ ਢੀਂਡਸਾ ਦੀ ਲਾਸ਼ 29 ਜਨਵਰੀ ਨੂੰ ਸੇਂਟ ਜੋਸਫ਼ ਕਬਰਸਤਾਨ, ਟਕੇਮਲੁਪਸ ਹੈਲਥ ਕਲੀਨਿਕ ਅਤੇ ਚਿਲਕੋਟਿਨ ਰੋਡ 'ਤੇ ਟਕੇਮਲੁਪਸ ਚਰਚ ਦੇ ਨੇੜੇ ਇੱਕ ਪੇਂਡੂ ਖੇਤਰ ਵਿੱਚ ਮਿਲੀ ਸੀ। ਜਾਂਚ ਨੂੰ ਧਿਆਨ ਵਿੱਚ ਰੱਖਦਿਆਂ ਪੁਲੀਸ ਨੇ ਉਸ ਦੇ ਮੌਤ ਦੇ ਕਾਰਨਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਪਰ ਇਹ ਜ਼ਰੂਰ ਕਿਹਾ ਹੈ ਕਿ ਪੋਸਟਮਾਰਟਮ ਦੀ ਰਿਪੋਰਟ ਵਿਚ ਢੀਂਡਸਾ ਦੀ ਮੌਤ ਦੀ ਪੁਸ਼ਟੀ ਹੋਈ ਹੈ। ਆਰ ਸੀ ਐਮ ਪੀ ਦੇ ਇੰਸਪੈਕਟਰ ਬ੍ਰੈਂਟ ਨੋਵਾਕੋਸਕੀ ਨੇ ਕਿਹਾ ਹੈ ਕਿ ਪੁਲਸ ਦੀ ਜਾਂਚ ਅੱਗੇ ਵਧਾਉਣ ਲਈ ਮ੍ਰਿਤਕ ਦਾ ਨਾਮ ਜਨਤਕ ਕੀਤਾ ਗਿਆ।

# ਸਰੀ ਗੋਲੀਬਾਰੀ ਵਿਚ ਇਕ ਨੌਜਵਾਨ ਦੀ ਮੌਤ ਲੈਂਗਲੀ ਵਿੱਚ ਪੁਲਿਸ ਨੂੰ ਮਿਲੀ ਇਕ ਲਾਸ਼




ਸਰੀ (ਹਰਦਮ ਮਾਨ)-ਸਰੀ ਵਿਚ ਮੰਗਲਵਾਰ ਦੀ ਰਾਤ ਨੂੰ ਵਾਪਰੀ ਇੱਕ ਗੋਲੀਬਾਰੀ ਘਟਨਾ ਵਿੱਚ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਇਕ ਨੌਜਵਾਨ ਨੇ ਦਮ ਤੋੜ ਦਿੱਤਾ ਹੈ। ਇਸ ਘਟਨਾ ਵਿਚ ਇਕ ਹੋਰ ਔਰਤ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਈ ਸੀ ਜੋ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ ਅਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਇਹ ਘਟਨਾ ਸਰੀ ਦੇ 104 ਐਵੇਨਿਊ ਅਤੇ 168 ਸਟਰੀਟ ਦੇ ਇਲਾਕੇ ਵਿੱਚ ਇਕ ਗੈਸ ਸਟੇਸ਼ਨ ਦੇ ਕੋਲ ਵਾਪਰੀ ਸੀ। ਜਦੋਂ ਪੁਲਿਸ ਉੱਥੇ ਪਹੁੰਚੀ ਤਾਂ ਇਕ ਕਾਰ ਵਿਚ ਇਕ ਆਦਮੀ ਅਤੇ ਇਕ ਔਰਤ ਜ਼ਖ਼ਮੀ ਹੋਏ ਮਿਲੇ ਸਨ ਜਿਨ੍ਹਾਂ ਦੇ ਗੋਲੀਆਂ ਲੱਗੀਆਂ ਸਨ। ਪੁਲੀਸ ਵੱਲੋਂ ਦੋਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਜਿੱਥੇ ਪੀੜਤ ਆਦਮੀ ਦੀ ਮੌਤ ਹੋ ਗਈ। ਇਸ ਘਟਨਾ ਨੂੰ ਗੈਂਗ ਗਤੀਵਿਧੀਆਂ ਨਾਲ ਸਬੰਧਿਤ ਮੰਨਿਆ ਜਾ ਰਿਹਾ ਹੈ। ਇਕ ਹੋਰ ਘਟਨਾ ਵਿਚ ਲੈਂਗਲੀ ਵਿਖੇ ਪੁਲਿਸ ਨੂੰ ਇਕ ਆਦਮੀ ਦੀ ਲਾਸ਼ ਮਿਲੀ ਹੈ। ਪੁਲਿਸ ਅਨੁਸਾਰ ਅੱਜ ਸਵੇਰੇ ਕਰੀਬ 1130 ਵਜੇ 224 ਸਟਰੀਟ ਤੇ 16 ਐਵੇਨਿਊ ਇਲਾਕੇ ਵਿਚ ਪੁਲਿਸ ਨੂੰ ਬੁਲਾਇਆ ਗਿਆ ਸੀ ਅਤੇ ਜਿੱਥੋਂ ਇਕ ਆਦਮੀ ਦੀ ਲਾਸ਼ ਮਿਲੀ ਹੈ। ਪੁਲੀਸ ਨੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਹੈ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

We Can Help You Sell Your House!

**Satvir Cheema**

**604-240-9148**



CENTURY 21 Coastal Realty Ltd.

#105-7928 128th St., Surrey, BC, V3W 4E8

satvir.cheema@century21.ca



PUNJAB LINK

# ਪੰਜਾਬ ਲਿੰਕ

ਸਨਿਚਰਵਾਰ, 12 ਫਰਵਰੀ, 2022

ਰਿਅਲ ਅਸਟੇਟ | REAL ESTATE

www.punjablinkpaper.com 604-503-5465



For All Your Real Estate Needs

**Amrik Cheema**

*PREC

**604-369-7000**

CENTURY 21 Coastal Realty Ltd.

#105-7928 128th St., Surrey, BC, V3W 4E8



info@amrikcheema.com




# ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪਾਰਕ 'ਚ ਵਾਕਿੰਗ ਟਰੈਕ ਅਤੇ ਵਾਲੀਬਾਲ ਕੋਰਟ ਦਾ ਉਦਘਾਟਨ

ਸਰੀ, (ਹਰਦਮ ਮਾਨ)-ਸਿਟੀ ਆਫ ਸਰੀ ਵੱਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਪਾਰਕ ਵਿਚ ਨਵੇਂ ਵਾਕਿੰਗ ਟਰੈਕ ਅਤੇ ਵਾਲੀਬਾਲ ਕੋਰਟ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਸਿਟੀ ਆਫ ਸਰੀ ਵੱਲੋਂ ਮੇਅਰ ਡੱਗ ਮੁਕੱਲਮ ਵੱਲੋਂ ਟੱਕ ਲਾ ਕੇ ਇਸ ਕਾਰਜ ਦੀ ਸ਼ੁਰੂਆਤ ਕੀਤੀ ਗਈ। ਦੱਸਿਆ ਗਿਆ ਹੈ ਕਿ ਇਹ ਕਾਰਜ ਅਪ੍ਰੈਲ 2022 ਤਕ ਤਿਆਰ ਹੋ ਜਾਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਟੀ ਆਫ ਸਰੀ ਕੌਂਸਲ ਦਾ ਧੰਨਵਾਦ ਕਰਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੇ ਕਿਹਾ ਸਿਟੀ ਆਫ ਸਰੀ ਨੇ ਸੰਗਤਾਂ ਦੀ ਲੰਮੇ ਸਮੇਂ ਤੋਂ ਮੰਗ ਨੂੰ ਪੂਰਾ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਹੈ। ਇਸ ਮੌਕੇ ਸਿਟੀ ਕੌਂਸਲਰ ਮਨਦੀਪ ਸਿੰਘ ਨਾਗਰਾ, ਕੌਂਸਲਰ ਲੌਰੀ ਗੁਆਰਾ, ਕੌਂਸਲਰ ਡੱਗ ਐਲਫੋਰਡ, ਕੌਂਸਲਰ ਐਲੀਸਨ ਪੈਟਨ, ਪ੍ਰਸਿੱਧ ਸਾਹਿਤਕਾਰ ਗਿਆਨ ਸਿੰਘ ਕੋਟਲੀ ਅਤੇ ਹੋਰ ਪਤਵੰਤੇ ਮੌਜੂਦ ਸਨ।


Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION



www.hughesco.com CEDRIC HUGHES

**604.602.1828**

*HEAD OFFICE:*

**VANCOUVER**

**505-777 W. BROADWAY**



SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**



Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਰਾਜੇਵਾਲ ਕਰ ਰਹੇ ਹਨ ਝੂਠੀ ਦੂਸ਼ਣਬਾਜ਼ੀ-ਭਗਵੰਤ ਮਾਨ

## ਗੁਰਮੀਤ ਖੁੱਡੀਆਂ ਦੇ ਹੱਕ ਵਿਚ ਚੋਣ ਪ੍ਰਚਾਰ

ਲੰਬੀ-'ਆਪ' ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਨੇ ਲੰਬੀ ਹਲਕੇ ਵਿੱਚ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਲੰਬੀ ਪਿੰਡ ਵਿਚ ਸੜਕ 'ਤੇ ਕਾਰ ਉਪਰੋਂ ਹੀ ਵਰਕਰਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਸੰਯੁਕਤ ਸਮਾਜ ਮੋਰਚਾ ਦੇ ਮੁਖੀ ਬਲਬੀਰ ਸਿੰਘ ਰਾਜੇਵਾਲ ਵੱਲੋਂ ਅਰਵਿੰਦ ਕੇਜਰੀਵਾਲ 'ਤੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਪਾਣੀ ਦਿੱਲੀ ਲਿਜਾਣ ਦੀਆਂ ਕੋਸ਼ਿਸ਼ਾਂ ਦੇ ਦੋਸ਼ਾਂ ਬਾਰੇ ਆਖਿਆ ਕਿ ਰਾਜੇਵਾਲ ਪਹਿਲਾਂ ਖੁਦ ਕੇਜਰੀਵਾਲ ਨਾਲ ਮੁਲਾਕਾਤਾਂ ਕਰਦੇ ਰਹੇ, ਗੱਲ ਨਾ ਬਣਨ 'ਤੇ ਟਿਕਟਾਂ ਵੇਚਣ ਤੇ ਹੋਰ ਬੇਤੁਕੇ ਦੋਸ਼ ਲਾਉਣ ਲੱਗ ਪਏ ਹਨ। ਉਨ੍ਹਾਂ ਸਰਕਾਰ ਬਣਨ 'ਤੇ ਸਾਰੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਭਗਵੰਤ ਮਾਨ ਅਤੇ ਗੁਰਮੀਤ ਖੁੱਡੀਆਂ ਨੇ ਕਾਰ ਦੀ ਛੱਤ 'ਤੇ ਸਵਾਰ ਹੋ ਕੇ ਲੰਬੀ 'ਚ ਰੋਡ ਸ਼ੋਅ ਵੀ ਕੀਤਾ। ਇਸ ਤੋਂ ਪਹਿਲਾਂ ਭਗਵੰਤ ਮਾਨ ਨੇ 'ਆਪ' ਵਰਕਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਅਕਾਲੀਆਂ ਅਤੇ ਕਾਂਗਰਸੀਆਂ ਨੂੰ ਖੂਬ ਰਗੜੇ ਲਾਏ। ਸ੍ਰੀ ਮਾਨ ਨੇ ਆਖਿਆ ਕਿ ਉਨ੍ਹਾਂ ਲੋਕਾਂ ਦੇ ਸਹਿਯੋਗ ਨਾਲ ਰਵਾਇਤੀ ਸਿਆਸਤਦਾਨਾਂ ਨੂੰ ਹੈਲੀਕਾਪਟਰਾਂ ਤੋਂ ਲਾਹ ਕੇ ਪੈਰ ਧਰਤੀ 'ਤੇ ਲਾਉਣ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਤਨਜ਼ ਕਸਦਿਆਂ ਕਿਹਾ ਕਿ ਸਰਕਾਰੀ ਨੌਕਰੀ ਵਿੱਚ ਉਮਰ ਹੱਦ ਲੰਘਣ 'ਤੇ ਉਮਰਦਰਾਜ ਹੋ ਜਾਂਦੇ ਹਨ, ਪਰ ਲੰਬੀ ਵਿੱਚ 94 ਸਾਲਾ ਬਾਬੇ ਨੇ ਫਿਰ ਕਾਗਜ਼ ਭਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ 170 ਕਰੋੜ ਦੀ ਜਾਇਦਾਦ ਵਾਲੇ ਗਰੀਬ ਵਿਅਕਤੀ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨਿਆ ਹੈ। ਇਸ ਮੌਕੇ ਆਪ ਵਰਕਰਾਂ ਦਾ ਵੱਡਾ ਜਮਾਵੜਾ ਵੇਖਣ ਨੂੰ ਮਿਲਿਆ। ਇਸ ਮੌਕੇ ਚੋਣ ਕਮਿਸ਼ਨ ਦੇ ਕੋਵਿਡ ਨਿਯਮਾਂ ਦੀ ਧੱਜੀਆਂ ਖੁੱਲ੍ਹੇਆਮ ਉਡਦੀਆਂ ਵੇਖੀਆਂ ਗਈਆਂ। ਲੰਬੀ ਵਿਚ ਤਿੰਨ ਕੋਨੀ 'ਤੇ ਭਰਵੇਂ ਇਕੱਠ ਕਾਰਨ ਗਿੱਦੜਬਾਹਾ ਸੜਕ ਕਰੀਬ ਡੇਢ ਘੰਟਾ ਤੱਕ ਬੰਦ ਰਹੀ।



# ਚੰਨੀ ਦੇ ਮੁੱਖ ਮੰਤਰੀ ਚਿਹਰਾ ਐਲਾਨਣ ਉਪਰੰਤ ਪਾਰਟੀ ਵਿਚ ਜੋਸ਼ ਭਰਿਆ-ਪਰਗਟ ਸਿੰਘ

ਜਲੰਧਰ (ਪਾਲ ਸਿੰਘ ਨੌਲੀ)- ਜਲੰਧਰ ਛਾਉਣੀ ਤੋਂ ਚੋਣ ਲੜ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਪਰਗਟ ਸਿੰਘ ਨੇ ਵੱਖ ਵੱਖ ਥਾਈਂ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਕਾਂਗਰਸ ਵੱਲੋਂ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਚਰਨਜੀਤ ਸਿੰਘ ਚੰਨੀ ਦਾ ਨਾਂ ਐਲਾਨੇ ਜਾਣ ਨਾਲ ਪਾਰਟੀ ਵਿੱਚ ਜੋਸ਼ ਭਰ ਗਿਆ ਹੈ। ਇਸ ਵਾਰ ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆਉਂਦੀਆਂ ਲੋਕ ਸਭਾ ਦੀਆਂ ਚੋਣਾਂ ਦਾ ਮੁੱਢ ਬੰਨ੍ਹਣਗੀਆਂ। ਪਰਗਟ ਸਿੰਘ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮੋਢਿਆਂ 'ਤੇ ਇਨ੍ਹਾਂ ਚੋਣਾਂ ਦੀ ਵੱਡੀ ਜ਼ਿੰਮੇਵਾਰੀ ਰਹੇਗੀ ਕਿਉਂਕਿ ਵੋਟਾਂ ਪੁਆਉਣ ਵਿੱਚ ਨੌਜਵਾਨ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਹਮੇਸ਼ਾ ਹੀ ਸਮਾਜ ਵਿੱਚ ਨਫ਼ਰਤ ਪੈਦਾ ਕਰਕੇ ਤੇ ਲੋਕਾਂ ਵਿੱਚ ਵੰਡੀਆਂ ਪਾ ਕੇ ਰਾਜਨੀਤੀ ਕਰਦੀ ਆ ਰਹੀ ਹੈ, ਜਦਕਿ ਪੰਜਾਬ ਵਿੱਚ ਕਦੇ ਵੀ ਲੋਕਾਂ ਨੇ ਫਿਰਕੂ ਸਿਆਸਤ ਨੂੰ ਭਾਰੂ ਨਹੀਂ ਹੋਣ ਦਿੱਤਾ। ਪਰਗਟ ਸਿੰਘ ਨੇ ਕਿਹਾ ਕਿ ਸਾਲ ਤੋਂ ਵੱਧ ਸਮਾਂ ਦਿੱਲੀ ਦੀਆਂ ਹੱਦਾਂ 'ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਜਿਹੜੇ 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਹੋਈ ਹੈ ਉਸ ਲਈ ਭਾਜਪਾ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਇਸ ਲਈ ਪੰਜਾਬ ਦੇ ਲੋਕ ਭਾਜਪਾ ਨੂੰ ਕਦੇ ਵੀ ਵੋਟ ਨਹੀਂ ਪਾਉਣਗੇ। ਸਾਬਕਾ ਓਲੰਪੀਅਨ ਨੇ ਕਿਹਾ ਕਿ ਉਨ੍ਹਾਂ ਖਿਡਾਰੀ ਜੀਵਨ ਤੋਂ ਟੀਮ ਵਿੱਚ ਰਹਿ ਕੇ ਕੰਮ ਕਰਨਾ ਸਿੱਖਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਚਰਨਜੀਤ ਸਿੰਘ ਚੰਨੀ ਨੂੰ ਅਗਲੇ ਪੰਜ ਸਾਲ ਕੰਮ ਕਰਨ ਦਾ ਇੱਕ ਹੋਰ ਮੌਕਾ ਜ਼ਰੂਰ ਦੇਣਗੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਤਾਂ ਕਾਂਗਰਸ ਦੇ ਸਨ, ਪਰ ਉਹ ਕੰਮ ਭਾਜਪਾ ਲਈ ਕਰ ਰਹੇ ਸਨ। ਇਸੇ ਲਈ ਸੂਬੇ ਦੇ ਲੋਕ ਹੁਣ ਉਨ੍ਹਾਂ 'ਤੇ ਭਰੋਸਾ ਨਹੀਂ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਦੋਆਬੇ ਵਿੱਚੋਂ ਆਮ ਆਦਮੀ ਪਾਰਟੀ ਨੂੰ ਇੱਕ ਵੀ ਸੀਟ ਨਹੀਂ ਮਿਲੇਗੀ।






# ਬੀਸੀ ਦੀ ਹੜ੍ਹਾਂ ਤੋਂ ਪ੍ਰਭਾਵਤ ਖੇਤੀ ਇੰਡਸਟਰੀ ਲਈ 228 ਮਿਲੀਅਨ ਡਾਲਰ ਦੇ ਰਿਕਵਰੀ ਫੰਡ ਦਾ ਐਲਾਨ

ਵਿਕਟੋਰੀਆ-ਵਿਕਟੋਰੀਆ ਤੇ ਓਟਵਾ ਨੇ ਕਿਸਾਨਾਂ ਲਈ 228 ਮਿਲੀਅਨ ਡਾਲਰ ਦੇ ਰਿਕਵਰੀ ਪ੍ਰੋਗਰਾਮ ਦਾ ਐਲਾਨ ਕੀਤਾ ਹੈ ਜਿਹੜੀ ਕਿ ਸਵਾਗਤ ਵਾਲੀ ਖ਼ਬਰ ਹੈ ਪਰ ਵਿਲ ਗਰਾਹਮ ਇਸ ਤੋਂ ਨਿਰਾਸ਼ ਹੈ ਕਿਉਂਕਿ ਇਸ ਨਾਲ ਉਸ ਦੇ ਪਰਿਵਾਰ ਦੀਆਂ ਰੋਜ਼ਾਨਾਂ ਦੀਆਂ ਚੁਣੌਤੀਆਂ ਨਹੀਂ ਘਟਦੀਆਂ। ਐਬਟਸਫੋਰਡ ਦਾ ਡੇਅਰੀ ਫਾਰਮਰ, ਉਸ ਦੀ ਪਤਨੀ ਅਤੇ ਉਨ੍ਹਾਂ ਦੇ ਚਾਰ ਬੱਚੇ ਨਵੰਬਰ ਵਿਚ ਆਏ ਹੜ੍ਹਾਂ ਤੋਂ ਕੁਝ ਹਫਤਿਆਂ ਬਾਅਦ ਆਪਣੇ ਫਾਰਮ 'ਤੇ ਆਉਣ ਪਿੱਛੋਂ ਆਪਣੇ ਨੁਕਸਾਨ ਗ੍ਰਸਤ ਹੋਏ ਘਰ ਕੋਲ ਖੜੇ ਕੈਂਪਰ ਵਿਚ ਰਹਿ ਰਹੇ ਹਨ। ਗਰਾਹਮ ਨੇ ਦੱਸਿਆ ਕਿ ਜੋ ਸਰਕਾਰ ਨੇ ਸਹਾਇਤਾ ਦਾ ਐਲਾਨ ਕੀਤਾ ਹੈ ਉਸ ਨਾਲ ਪਸ਼ੂਆਂ ਦੀ ਦੇਖਭਾਲ, ਪਸ਼ੂਆਂ ਦਾ ਨਿਪਟਾਰਾ ਜੋ ਬਚਾਏ ਨਹੀਂ ਜਾ ਸਕੇ, ਫੀਡ ਨੂੰ ਬਦਲਣ ਅਤੇ ਜ਼ਮੀਨ ਨੂੰ ਮੁੜ ਖੇਤੀਯੋਗ ਬਣਾਉਣ ਵਰਗੇ ਖਰਚੇ ਹੀ ਕਵਰ ਹੋਣਗੇ ਪਰ ਇਹ ਪ੍ਰੋਗਰਾਮ ਪਰਿਵਾਰ ਦੇ ਘਰ ਦਾ ਨੁਕਸਾਨ ਨਹੀਂ ਕਵਰ ਕਰੇਗਾ ਕਿਉਂਕਿ ਇਹ ਉਨ੍ਹਾਂ ਦੇ ਫਾਰਮ ਦੀ ਮਲਕੀਅਤ ਹੈ ਅਤੇ ਇਹ ਨਵੇਂ ਖੇਤੀਬਾੜੀ ਪ੍ਰੋਗਰਾਮ ਦੇ ਘੇਰੇ ਵਿਚ ਨਹੀਂ ਆਉਂਦਾ। ਇਸ ਲਈ ਵੀ ਕੁਝ ਕੀਤਾ ਜਾਣਾ ਚਾਹੀਦਾ ਹੈ। ਕਿਸਾਨਾਂ ਨੇ ਸੂਬਾ ਖੇਤੀਬਾੜੀ ਮੰਤਰੀ ਲਾਨਾ ਪੋਫਾਮ ਤੇ ਉਸ ਦੇ ਸੰਘੀ ਹਮਰੁਤਵਾ ਮੈਰੀ ਕਲੌਡ ਬਿਬਿਊ ਵਲੋਂ ਸਾਂਝੇ ਤੌਰ 'ਤੇ ਕੀਤੇ ਐਲਾਨ ਦਾ ਸਾਵਧਾਨੀ ਵਾਲੀ ਆਸ਼ਾਵਾਦ ਨਾਲ ਸਵਾਗਤ ਕੀਤਾ ਹੈ।

# ਨਵੇਂ ਬੀਸੀ ਲਿਬਰਲ ਲੀਡਰ ਕੇਵਿਨ ਫਾਲਕਨ ਵਲੋਂ ਚੋਣ ਲੜਨ ਦੀ ਯੋਜਨਾ

ਵਿਕਟੋਰੀਆ-ਬੀਸੀ ਲਿਬਰਲ ਪਾਰਟੀ ਦੇ ਨਵੇਂ ਨੇਤਾ ਨੇ ਕਿਹਾ ਕਿ ਉਨ੍ਹਾਂ ਦੇ ਪਹਿਲੇ ਨੇਤਾ ਵੈਨਕੂਵਰ ਵਿਚ ਆਪਣੀ ਸੀਟ ਤੋਂ ਅਸਤੀਫਾ ਦੇ ਰਹੇ ਹਨ ਤਾਂ ਜੋ ਉਸ ਨੂੰ ਜ਼ਿਮਨੀ ਚੋਣ ਲੜਨ ਦਾ ਮੌਕਾ ਮਿਲ ਸਕੇ। ਕੇਵਿਨ ਫਾਲਕਨ ਜਿਹੜੇ ਸਨਿਚਰਵਾਰ ਪਾਰਟੀ ਨੇਤਾ ਚੁਣੇ ਗਏ ਨੇ ਕਿਹਾ ਕਿ ਉਸ ਲਈ ਲੈਜਿਸਲੇਚਰ ਵਿਚ ਜਾਣ ਦੀ ਸੰਭਾਵਤ ਰਸਤੇ ਨੂੰ ਸਾਫ ਕਰਦੇ ਹੋਏ ਐਂਡਰਿਊ ਵਿਸਕਿਨਸਨ ਨੇ ਵੈਨਕੂਵਰ-ਕੁਇਲਚੇਨਾ ਵਿਚ ਆਪਣੀ ਸੀਟ ਤੋਂ ਅਸਤੀਫਾ ਦੇਣ ਦਾ ਫ਼ੈਸਲਾ ਕੀਤਾ ਹੈ। ਲੈਜਿਸਲੇਚਰ ਵਿਖੇ ਇਕ ਪ੍ਰੈਸ ਕਾਨਫਰੰਸ ਵਿਚ ਫਾਲਕਨ ਨੇ ਕਿਹਾ ਕਿ ਉਹ ਮੌਕੇ ਨੂੰ ਲੈ ਕੇ ਉਤਸ਼ਾਹਿਤ ਹੈ। ਜਦੋਂ ਵਿਲਕਿਨਸਨ ਦਾ ਅਸਤੀਫਾ ਇਕ ਵਾਰ ਮਿਲ ਗਿਆ ਤਾਂ ਐਨਡੀਪੀ ਸਰਕਾਰ ਨੂੰ 6 ਮਹੀਨਿਆਂ ਦੇ ਅੰਦਰ ਅੰਦਰ ਜ਼ਿਮਨੀ ਚੋਣ ਕਰਵਾਉਣੀ ਪਵੇਗੀ। ਸਾਬਕਾ ਕੈਬਨਿਟ ਮੰਤਰੀ ਫਾਲਕਨ 2001 ਤੋਂ 2012 ਤਕ ਸਰੀ ਵਿਚ ਸੀਟ 'ਤੇ ਕਾਬਜ਼ ਰਿਹਾ। 2012 ਵਿਚ ਉਸ ਨੇ ਆਪਣੇ ਬੱਚਿਆਂ ਨੂੰ ਪਾਲਣ ਅਤੇ ਵੈਨਕੂਵਰ ਇਨਵੈਸਟਮੈਂਟ ਕੰਪਨੀ ਦੇ ਕਾਰੋਬਾਰ ਦੀ ਪੈਰਵੀ ਕਰਨ ਲਈ ਰਾਜਨੀਤੀ ਛੱਡ ਦਿੱਤੀ ਸੀ। ਲਿਬਰਲ ਲੈਜਿਸਲੇਚਰ ਮੈਂਬਰ ਜਿਨ੍ਹਾਂ ਨੇ ਲੀਡਰਸ਼ਿਪ ਦੌੜ ਵਿਚ ਉਸ ਦੇ ਖਿਲਾਫ ਚੋਣ ਲੜੀ ਨੇ ਕਿਹਾ ਕਿ ਹੁਣ ਜਦੋਂ ਲੀਡਰਸ਼ਿਪ ਦੌੜ ਖਤਮ ਹੋ ਗਈ ਤਾਂ ਪਾਰਟੀ ਇਕਜੁੱਟ ਰਹਿਣੀ ਚਾਹੀਦੀ ਹੈ।

# TRANSource FREIGHTWAYS

## Pin to Pin (ਯਾਰਡ ਤੋਂ ਯਾਰਡ)

### ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

**Email:safety@transourcefreightways.com**

# ਕਾਂਗਰਸ ਵੱਲੋਂ ਯੂ.ਪੀ. ਵਿਚ ਕਿਸਾਨਾਂ ਦੇ ਕਰਜੇ ਮੁਆਫ ਕਰਨ ਤੇ 20 ਲੱਖ ਨੌਕਰੀਆਂ ਦੇਣ ਦਾ ਵਾਅਦਾ

ਲਖਨਊ-ਕਾਂਗਰਸ ਨੇ ਉੱਤਰ ਪ੍ਰਦੇਸ਼ ਲਈ ਜਾਰੀ ਆਪਣੇ ਚੋਣ ਮਨੋਰਥ ਪੱਤਰ (ਮੈਨੀਫੈਸਟੋ) 'ਚ ਕਿਸਾਨਾਂ ਦੇ ਖੇਤੀ ਕਰਜ਼ੇ ਮੁਆਫ਼ ਕਰਨ, ਲਾਵਾਰਿਸ ਪਸ਼ੂਆਂ ਵੱਲੋਂ ਫਸਲਾਂ ਦੇ ਨੁਕਸਾਨ ਲਈ ਤਿੰਨ ਹਜ਼ਾਰ ਰੁਪਏ ਮੁਆਵਜ਼ਾ ਅਤੇ 20 ਲੱਖ ਸਰਕਾਰੀ ਨੌਕਰੀਆਂ ਦੇਣ ਦੇ ਵਾਅਦੇ ਕੀਤੇ ਹਨ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਪਾਰਟੀ ਦੇ ਮੈਨੀਫੈਸਟੋ 'ਉੱਨਤੀ ਵਿਧਾਨ' ਨੂੰ ਜਾਰੀ ਕੀਤਾ ਜਿਸ ਨੂੰ ਉਸ ਨੇ 'ਜਨ ਘੋਸ਼ਣਾ ਪੱਤਰ' ਕਰਾਰ ਦਿੱਤਾ। ਚੋਣ ਮਨੋਰਥ ਪੱਤਰ ਸੂਬੇ 'ਚ ਵਿਧਾਨ ਸਭਾ ਚੋਣਾਂ ਦਾ ਪਹਿਲਾ ਗੇੜ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਜਾਰੀ ਕੀਤਾ ਗਿਆ ਹੈ। ਪ੍ਰਿਯੰਕਾ ਨੇ ਕਿਹਾ ਕਿ ਜੇਕਰ ਪਾਰਟੀ ਦੀ ਸਰਕਾਰ ਬਣੀ ਤਾਂ ਕਣਕ ਅਤੇ ਝੋਨੇ ਦੀ ਖ਼ਰੀਦ 2500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕੀਤੀ ਜਾਵੇਗੀ। ਇਸ ਦੇ ਨਾਲ ਗੰਨੇ ਦਾ ਮੁੱਲ 400 ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮੈਨੀਫੈਸਟੋ ਨੂੰ ਤਿਆਰ ਕਰਨ ਸਮੇਂ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਮੁੱਦਿਆਂ ਵੱਲ ਵੀ ਧਿਆਨ ਦਿੱਤਾ ਗਿਆ ਹੈ। 'ਸਾਡੀ ਸਰਕਾਰ ਬਣਨ 'ਤੇ ਖਾਲੀ ਪਏ 12 ਲੱਖ ਅਹੁਦੇ ਭਰੇ ਜਾਣਗੇ ਅਤੇ 8 ਲੱਖ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ।' ਪ੍ਰਿਯੰਕਾ ਨੇ ਕਿਹਾ ਕਿ ਕਾਂਗਰਸ ਸਰਕਾਰੀ ਨੌਕਰੀਆਂ 'ਚ ਠੇਕਾ ਪ੍ਰਣਾਲੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਅਤੇ ਜਿਹੜੇ ਮੁਲਾਜ਼ਮ ਠੇਕੇ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਗਊਧਨ ਨਿਆਏ ਯੋਜਨਾ' ਵੀ ਸ਼ੁਰੂ ਕੀਤੀ ਜਾਵੇਗੀ ਜਿਸ ਤਹਿਤ ਗੋਬਰ 2 ਰੁਪਏ ਕਿਲੋ ਦੇ ਹਿਸਾਬ ਨਾਲ ਖ਼ਰੀਦਿਆ ਜਾਵੇਗਾ।



# ਚੋਣ ਕਮਿਸ਼ਨ ਦੇ ਦਖਲ ਉਪਰੰਤ ਸਿਮਰਜੀਤ ਸਿੰਘ ਬੈਂਸ ਨੂੰ ਗ੍ਰਿਫ਼ਤਾਰੀ ਤੋਂ 9 ਘੰਟੇ ਬਾਅਦ ਛਡਿਆ

ਲੁਧਿਆਣਾ-ਚੋਣ ਪ੍ਰਚਾਰ ਦੌਰਾਨ ਇੱਟਾਂ-ਪੱਥਰ ਵਰ੍ਹਾਉਣ, ਗੱਡੀਆਂ ਦੀ ਭੰਨਤੋੜ ਕਰਨ ਤੇ ਗੋਲੀ ਚਲਾਉਣ ਦੇ ਮਾਮਲੇ 'ਚ ਮੰਗਲਵਾਰ ਦੀ ਦੁਪਹਿਰ ਨੂੰ ਗ੍ਰਿਫ਼ਤਾਰ ਕੀਤੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਹਲਕਾ ਆਤਮ ਨਗਰ ਤੋਂ ਚੋਣ ਲੜ ਰਹੇ ਸਿਮਰਜੀਤ ਸਿੰਘ ਬੈਂਸ ਨੂੰ ਚੋਣ ਕਮਿਸ਼ਨ ਦੇ ਹੁਕਮਾਂ 'ਤੇ ਕਮਿਸ਼ਨਰੇਟ ਪੁਲੀਸ ਨੇ ਛੱਡ ਦਿੱਤਾ ਹੈ। ਪੁਲੀਸ ਨੇ ਬੈਂਸ ਨੂੰ ਕਰੀਬ ਨੌਂ ਘੰਟੇ ਹਿਰਾਸਤ 'ਚ ਰੱਖਿਆ। ਉਹ ਰਾਤ ਨੂੰ ਘਰ ਰਹੇ ਤੇ ਸਵੇਰ ਹੁੰਦੇ ਹੀ ਪੁਰਾਣੇ ਅੰਦਾਜ਼ ਵਿਚ ਘਰੋਂ ਨਿਕਲੇ। ਚੋਣ ਪ੍ਰਚਾਰ ਸ਼ੁਰੂ ਕਰਦੇ ਹੀ ਉਨ੍ਹਾਂ ਨੇ ਸਭ ਤੋਂ ਪਹਿਲਾਂ ਨਿਸ਼ਾਨਾ ਕਾਂਗਰਸੀ ਉਮੀਦਵਾਰ ਕਮਲਜੀਤ ਸਿੰਘ ਕੜਵਲ 'ਤੇ ਵਿੰਨ੍ਹਿਆ। ਵਿਧਾਇਕ ਬੈਂਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਪ੍ਰਚਾਰ ਦੌਰਾਨ ਆਪਸੀ ਭਾਈਚਾਰਾ ਬਣਾ ਕੇ ਰੱਖਣ। ਉਨ੍ਹਾਂ ਕਿਹਾ ਕਿ ਚੋਣਾਂ 10 ਦਿਨ ਬਾਅਦ ਖ਼ਤਮ ਹੋ ਜਾਣਗੀਆਂ ਪਰ ਭਾਈਚਾਰਾ ਸਦਾ ਲਈ ਰਹਿਣਾ ਹੈ। ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਪੁਲੀਸ ਨੇ ਝੂਠਾ ਕੇਸ ਦਰਜ ਕੀਤਾ ਸੀ। ਉਹ ਚੋਣ ਪ੍ਰਚਾਰ ਕਰ ਰਹੇ ਸਨ ਕਿ ਅਚਾਨਕ ਤੋਂ ਛੱਤ ਉਪਰੋਂ ਬੋਤਲਾਂ ਆਉਣ ਲੱਗੀਆਂ। ਉਨ੍ਹਾਂ ਦੱਸਿਆ ਗੋਲੀ ਚਲਾਉਣ ਦੀ ਵੀਡੀਓ ਗਲਤ ਹੈ। ਗੋਲੀ ਚੱਲਣ ਸਮੇਂ ਉਹ ਆਪਣੇ ਸਾਥੀਆਂ ਨੂੰ ਇਸ਼ਾਰਾ ਕਰ ਰਹੇ ਸਨ ਕਿ ਉਹ ਪਾਸੇ ਹੋ ਜਾਣ, ਪਰ ਦੋਸ਼ ਲਾਏ ਗਏ ਕਿ ਬੈਂਸ ਨੇ ਗੋਲੀ ਚਲਾਈ। ਵਿਰੋਧੀਆਂ ਵੱਲੋਂ ਦਿੱਤੀ ਵੀਡੀਓ ਦੇ ਆਧਾਰ 'ਤੇ ਪੁਲੀਸ ਨੇ ਕੇਸ ਦਰਜ ਕਰ ਦਿੱਤਾ। ਉਹ ਬਾਰ ਰੂਮ 'ਚ ਜਦੋਂ ਮੀਟਿੰਗ ਨੂੰ ਸੰਬੋਧਨ ਕਰਨ ਗਏ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਪੁੱਜ ਗਈ। ਉਹ ਜਾਂਚ 'ਚ ਸ਼ਾਮਲ ਹੋਣ ਗਏ ਸਨ। ਉਨ੍ਹਾਂ ਚੋਣ ਕਮਿਸ਼ਨ ਨੂੰ ਸਾਰੀ ਜਾਣਕਾਰੀ ਦਿੱਤੀ ਸੀ ਤੇ ਵੀਡੀਓ ਤੇ ਹੋਰ ਸਮੱਗਰੀ ਵੀ ਪੁੱਜਦੀ ਕਰ ਦਿੱਤੀ ਸੀ। ਇਸ ਤੋਂ ਬਾਅਦ ਦੇਰ ਰਾਤ ਤੱਕ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਕਤਲ ਦੀ ਕੋਸ਼ਿਸ਼ ਦੀ ਧਾਰਾ 'ਤੇ ਉਨ੍ਹਾਂ ਕਿਹਾ ਕਿ ਹੁਣ ਪੁਲੀਸ ਦੇਖੇਗੀ ਕਿ ਕੀ ਕਰਨਾ ਹੈ। ਬੈਂਸ ਨੇ ਕਿਹਾ ਕਿ ਇਸ ਅਜਿਹੇ ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਸੀ, ਜੋ ਆਪਣੇ ਘਰਾਂ 'ਚ ਸਨ। ਅਜਿਹਾ ਕਰ ਕੇ ਵਿਰੋਧੀਆਂ ਨੇ ਉਨ੍ਹਾਂ ਦੇ ਪ੍ਰਚਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

# ਕਰਨਾਟਕ ਵਿਚ ਮੁਸਲਿਮ ਵਿਦਿਆਰਥਣ ਦੇ ਹਿਜਾਬ ਨੂੰ ਲੈਕੇ ਤਣਾਅ ਵਾਲੀ ਸਥਿਤੀ

## ਸਰਕਾਰ ਵੱਲੋਂ ਹਾਈ ਸਕੂਲ ਤੇ ਕਾਲਜ ਤਿੰਨ ਦਿਨ ਲਈ ਬੰਦ

ਬੰਗਲੁਰੂ-ਕਰਨਾਟਕ ਵਿੱਚ ਹਿਜਾਬ ਬਨਾਮ ਭਗਵਾ ਸ਼ਾਲ ਵਿਵਾਦ ਕਰਕੇ ਬਣੇ ਤਣਾਅ ਦਰਮਿਆਨ ਸੂਬਾ ਸਰਕਾਰ ਵੱਲੋਂ ਤਿੰਨ ਦਿਨਾਂ ਲਈ ਸਾਰੇ ਹਾਈ ਸਕੂਲ ਤੇ ਕਾਲਜ ਬੰਦ ਕੀਤੇ ਜਾਣ ਦੇ ਹੁਕਮਾਂ ਮਗਰੋਂ ਸਿੱਖਿਆ ਸੰਸਥਾਵਾਂ ਵਿੱਚ ਮਾਹੌਲ ਸ਼ਾਂਤ ਹੋ ਗਿਆ ਹੈ। ਸੂਤਰਾਂ ਨੇ ਕਿਹਾ ਕਿ ਜ਼ਿਆਦਾਤਰ ਸਕੂਲ-ਕਾਲਜ ਸਿੱਖਿਆ ਦੇ ਆਨਲਾਈਨ ਮੋਡ ਵਿੱਚ ਪਰਤ ਆਏ ਹਨ ਜਦੋਂਕਿ ਪ੍ਰਾਇਮਰੀ ਸਕੂਲ ਬਿਨਾਂ ਕਿਸੇ ਰੋਕ-ਟੋਕ ਦੇ ਆਮ ਵਾਂਗ ਲੱਗੇ। ਹਿਜਾਬ ਵਿਵਾਦ ਨੂੰ ਲੈ ਕੇ ਕਰਨਾਟਕ ਦੇ ਵੱਖ ਵੱਖ ਹਿੱਸਿਆਂ ਵਿੱਚ ਜਾਰੀ ਪ੍ਰਦਰਸ਼ਨਾਂ ਨੇ ਮੰਗਲਵਾਰ ਨੂੰ ਕੁਝ ਥਾਵਾਂ 'ਤੇ ਹਿੰਸਕ ਰੂਪ ਲੈ ਲਿਆ ਸੀ। ਕਰਨਾਟਕ ਦੇ ਗ੍ਰਹਿ ਮੰਤਰੀ ਅਰਾਗਾ ਗਿਆਨੇਂਦਰ ਤੇ ਮਾਲ ਮੰਤਰੀ ਆਰ.ਅਸ਼ੋਕਾ ਨੇ ਅੱਜ ਕਾਂਗਰਸ 'ਤੇ ਹਿਜਾਬ ਵਿਵਾਦ ਨੂੰ ਹਵਾ ਦੇਣ ਦਾ ਦੋਸ਼ ਲਾਇਆ ਹੈ। ਗਿਆਨੇਂਦਰ ਨੇ ਪੱਤਰਕਾਰਾਂ ਨੂੰ ਦੱਸਿਆ, "ਹਿਜਾਬ ਵਿਵਾਦ ਨੂੰ ਲੈ ਕੇ ਕਾਂਗਰਸੀ ਆਗੂ ਅੱਗ ਵਿੱਚ ਤੇਲ ਪਾਉਣ ਦਾ ਕੰਮ ਕਰ ਰਹੇ ਹਨ। ਜੇਕਰ ਭਵਿੱਖ ਵਿੱਚ ਵੀ ਉਨ੍ਹਾਂ ਇਹੀ ਵਰਤਾਰਾ ਜਾਰੀ ਰੱਖਿਆ ਤਾਂ ਕਰਨਾਟਕ ਦੇ ਲੋਕ ਉਨ੍ਹਾਂ ਨੂੰ ਅਰਬ ਸਾਗਰ ਵਿੱਚ ਸੁੱਟ ਦੇਣਗੇ।" ਉਨ੍ਹਾਂ ਕਿਹਾ ਕਿ ਕਰਨਾਟਕ ਪ੍ਰਦੇਸ਼ ਕਾਂਗਰਸ ਦੇ ਮੁਖੀ ਡੀ.ਕੇ.ਸ਼ਿਵਕੁਮਾਰ ਨੇ ਪੱਤਰਕਾਰਾਂ ਨੂੰ ਗ਼ਲਤ ਜਾਣਕਾਰੀ ਦਿੱਤੀ ਸੀ ਕਿ ਸ਼ਿਵਾਮੋਗਾ ਵਿੱਚ ਤਿਰੰਗੇ ਝੰਡੇ ਨੂੰ ਹੇਠਾਂ ਲਾਹ ਕੇ ਉਸ ਦੀ ਥਾਂ ਭਗਵਾ ਝੰਡਾ ਲਹਿਰਾਇਆ ਗਿਆ ਹੈ। ਮੰਤਰੀ ਨੇ ਕਿਹਾ, "ਕੌਮੀ ਤਿਰੰਗਾ ਹਰ ਸਮੇਂ ਨਹੀਂ ਫਹਿਰਾਇਆ ਜਾਂਦਾ। ਸ਼ਿਵ ਕੁਮਾਰ ਗੈਰ-ਜ਼ਿੰਮੇਵਾਰੀ ਵਾਲਾ ਬਿਆਨ ਦੇ ਰਹੇ ਹਨ। ਅਸੀਂ ਕਿਸੇ ਸੀਨੀਅਰ ਆਗੂ ਵੱਲੋਂ ਦਿੱਤੇ ਬਿਆਨ ਪਿਛਲੇ ਮੰਤਵ ਨੂੰ ਸਮਝਦੇ ਹਾਂ।" ਉਧਰ ਅਸ਼ੋਕਾ ਨੇ ਕਾਂਗਰਸ ਨੂੰ ਭੰਡਦਿਆਂ ਕਿਹਾ, "ਲੋਕਾਂ ਨੂੰ ਭੜਕਾਉਣਾ ਕਾਂਗਰਸ ਲਈ ਚੰਗੀ ਗੱਲ ਨਹੀਂ। ਉਹ ਬਿਆਨ ਦੇ ਕੇ ਲੋਕਾਂ ਨੂੰ ਭੜਕਾ ਰਹੇ ਹਨ। ਇਸ ਵਿਵਾਦ ਪਿੱਛੇ ਕਾਂਗਰਸ ਦੀ ਸਾਜ਼ਿਸ਼ ਸਾਫ਼ ਨਜ਼ਰ ਆਉਂਦੀ ਹੈ। ਇਕ ਧਿਰ ਅੱਗ ਨੂੰ ਹਵਾ ਦੇ ਰਹੀ ਹੈ ਜਦੋਂਕਿ ਦੂਜੀ ਉਸ ਨੂੰ ਬੁਝਾਉਣ ਦੀ ਕੋਸ਼ਿਸ਼ ਕਰ ਰਹੀ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਸਪਸ਼ਟ ਕਰ ਚੁੱਕੀ ਹੈ ਕਿ ਜਮਾਤਾਂ ਵਿੱਚ ਸਿਰਾਂ 'ਤੇ ਹਿਜਾਬ ਤੇ ਭਗਵੇਂ ਦੁਪੱਟੇ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਕਾਬਿਲੇਗੌਰ ਹੈ ਕਿ ਗਿਆਨੇਂਦਰ ਨੇ ਮੰਗਲਵਾਰ ਰਾਤ ਨੂੰ ਉੱਚ ਸਿੱਖਿਆ ਮੰਤਰੀ ਡਾ. ਸੀ.ਐੱਨ.ਅਸ਼ਵਨਾਥ ਨਰਾਇਣ ਤੇ ਪ੍ਰਾਇਮਰੀ ਤੇ ਸੈਕੰਡਰੀ ਸਿੱਖਿਆ ਮੰਤਰੀ ਬੀ.ਸੀ.ਨਾਗੇਸ਼ ਨਾਲ ਮੀਟਿੰਗ ਕੀਤੀ ਸੀ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਮਾਮਲਾ ਕੋਰਟ ਦੇ ਵਿਚਾਰਧੀਨ ਹੋਣ ਕਰਕੇ ਉਹ ਫੈਸਲੇ ਦੀ ਉਡੀਕ ਕਰਨਗੇ, ਪਰ ਡਰੈੱਸ ਕੋਡ ਲਈ ਸਰਕੂਲਰ ਜਾਰੀ ਕਰ ਦਿੱਤਾ ਗਿਆ ਹੈ।






## ਪੁਲਿਸ ਅਧਿਕਾਰੀ 'ਤੇ ਹਮਲੇ ਦੇ ਦੋਸ਼ ਆਇਦ

ਐਡਮਿੰਟਨ-ਇਕ ਪੁਲਿਸ ਅਫਸਰ ਜਿਹੜਾ 25 ਸਾਲ ਤੋਂ ਐਡਮਿੰਟਨ ਪੁਲਿਸ ਸਰਵਿਸ ਵਿਚ ਕੰਮ ਕਰ ਰਿਹਾ ਹੈ 'ਤੇ ਹਮਲੇ ਦੇ ਦੋਸ਼ ਲਗਾਏ ਗਏ ਹਨ। ਇਹ ਦੋਸ਼ 101 ਸਟਰੀਟ ਅਤੇ 103 ਐਵੀਨਿਊ ਨੇੜੇ 6 ਜੁਲਾਈ 2021 ਦੀ ਆਫ ਡਿਊਟੀ ਨਾਲ ਸਬੰਧਤ ਹਨ। ਈਪੀਐਸ ਪ੍ਰੋਫੈਸ਼ਨਲ ਸਟੈਂਡਰਡ ਬਰਾਂਚ ਨੇ 15 ਜੁਲਾਈ ਤੋਂ ਰਸਮੀ ਜਾਂਚ ਸ਼ੁਰੂ ਕੀਤੀ ਸੀ ਅਤੇ ਪਿਛਲੇ ਹਫ਼ਤੇ ਦੋਸ਼ਾਂ ਦੀ ਸਿਫਾਰਸ਼ ਕੀਤੀ ਸੀ। ਡਿਟੈਕਟਿਵ ਸਕੌਟ ਕਾਰਟਰ 'ਤੇ ਪੀਸ ਅਫਸਰ 'ਤੇ ਹਮਲਾ ਕਰਨ ਦੇ ਦੋਸ਼ ਲਗਾਏ ਗਏ ਹਨ। ਉਸ ਨੂੰ ਪੇਸ਼ ਹੋਣ ਦਾ ਨੋਟਿਸ ਦਿੱਤਾ ਗਿਆ ਹੈ ਅਤੇ ਬਿਨ੍ਹਾਂ ਤਨਖਾਹ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ ਹੈ।

# ਨਵਜੋਤ ਸਿੰਘ ਸਿੱਧੂ ਮਾਤਾ ਵੈਸ਼ਨੋ ਦੇਵੀ ਦੇ ਚਰਨਾ ਚ ਪੁੱਜੇ

ਅੰਮ੍ਰਿਤਸਰ-(ਜਗਤਾਰ ਸਿੰਘ ਲਾਂਬਾ)-ਵਿਧਾਨ ਸਭਾ ਚੋਣਾਂ ਸਬੰਧੀ ਜਾਰੀ ਚੋਣ ਪ੍ਰਚਾਰ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਮੁੜ ਜੰਮੂ ਕਸ਼ਮੀਰ ਸਥਿਤ ਕਟੜਾ ਵਿਖੇ ਮਾਤਾ ਵੈਸ਼ਨੋ ਦੇਵੀ ਦੇ ਮੰਦਿਰ ਮੱਥਾ ਟੇਕਣ ਚਲੇ ਗਏ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦੇ ਐਲਾਨ ਮਗਰੋਂ ਦਸ ਦਿਨਾਂ ਵਿੱਚ ਸ੍ਰੀ ਸਿੱਧੂ ਦੂਜੀ ਵਾਰ ਮਾਤਾ ਵੈਸ਼ਨੋ ਦੇਵੀ ਦੇ ਮੰਦਿਰ ਮੱਥਾ ਟੇਕਣ ਗਏ ਹਨ। ਉਨ੍ਹਾਂ ਦੇ ਨੇੜਲਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਉਹ ਅੱਜ ਰਾਤ ਉਥੇ ਹੀ ਠਹਿਰਾਅ ਕਰਨਗੇ ਅਤੇ ਆਰਤੀ ਵਿੱਚ ਸ਼ਾਮਲ ਹੋਣਗੇ। ਸਵੇਰੇ ਉਥੋਂ ਵਾਪਸੀ ਕਰਨਗੇ ਅਤੇ ਭਲਕੇ ਦੁਪਹਿਰ ਤੱਕ ਮੁੜ ਆਪਣੇ ਹਲਕੇ ਵਿੱਚ ਚੋਣ ਪ੍ਰਚਾਰ ਲਈ ਪੁੱਜ ਜਾਣਗੇ। ਇਸ ਦੀ ਪੁਸ਼ਟੀ ਉਨ੍ਹਾਂ ਦੇ ਇਕ ਸਹਿਯੋਗੀ ਜਸਬੀਰ



ਸਿੰਘ ਸੋਢੀ ਵੱਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਨਵਜੋਤ ਸਿੰਘ ਸਿੱਧੂ ਮਾਤਾ ਵੈਸ਼ਨੋ ਦੇਵੀ ਗਏ ਹਨ ਅਤੇ ਵੀਰਵਾਰ ਨੂੰ ਪਰਤ ਆਉਣਗੇ। ਸ੍ਰੀ ਸਿੱਧੂ ਇਥੇ ਅੰਮ੍ਰਿਤਸਰ ਪੂਰਬੀ ਹਲਕੇ ਵਿੱਚ ਕਾਂਗਰਸ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ ਅਤੇ ਉਨ੍ਹਾਂ ਦਾ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਨਾਲ ਹੈ। ਦੋ ਕਦਾਵਰ ਸਿਆਸੀ ਆਗੂਆਂ ਵਿਚਾਲੇ ਮੁਕਾਬਲੇ ਕਾਰਨ ਇਸ ਹਲਕੇ 'ਤੇ ਪੰਜਾਬ ਵਾਸੀਆਂ ਦੀ ਨਿਗ੍ਹਾ ਟਿਕੀ ਹੋਈ ਹੈ। ਇਥੋਂ ਕਿਸੇ ਇਕ ਦੀ ਜਿੱਤ ਅਤੇ ਕਿਸੇ ਇੱਕ ਦੀ ਹਾਰ ਹੋਵੇਗੀ। ਹੁਣ ਤੱਕ ਦੋਵਾਂ ਆਗੂਆਂ ਨੇ ਆਪਣੇ ਸਿਆਸੀ ਜੀਵਨ ਦੌਰਾਨ ਕੋਈ ਵੀ ਚੋਣ ਨਹੀਂ ਹਾਰੀ ਹੈ। ਉਂਝ ਵੀ ਦੋਵਾਂ ਸਿਆਸੀ ਆਗੂਆਂ ਵਿਚਾਲੇ ਸਿਆਸੀ ਕੁੜੱਤਣ ਬਣੀ ਹੋਈ ਹੈ। ਇਥੇ ਜ਼ਿਕਰਯੋਗ ਹੈ ਕਿ ਐਤਵਾਰ ਨੂੰ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਵੱਲੋਂ ਪੰਜਾਬ ਕਾਂਗਰਸ ਦੇ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਚਰਨਜੀਤ ਸਿੰਘ ਚੰਨੀ ਨੂੰ ਨਾਮਜ਼ਦ ਕੀਤਾ ਗਿਆ ਹੈ। ਮੁੱਖ ਮੰਤਰੀ ਉਮੀਦਵਾਰ ਦੀ ਦਾਅਵੇਦਾਰੀ ਦੀ ਦੌੜ ਵਿੱਚ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਸ਼ਾਮਲ ਸੀ, ਜਿਸ ਵਿੱਚ ਸ੍ਰੀ ਸਿੱਧੂ ਪੱਛੜ ਗਏ ਹਨ। ਇਹ ਤੋਂ ਬਾਅਦ ਸ੍ਰੀ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਸਾਬਕਾ ਵਿਧਾਇਕਾ ਮੁੱਖ ਮੰਤਰੀ ਲਈ ਉਮੀਦਵਾਰ ਦੀ ਚੋਣ ਦੇ ਇਸ ਪੈਮਾਨੇ 'ਤੇ ਸਵਾਲੀਆ ਚਿੰਨ੍ਹ ਵੀ ਲਾ ਚੁੱਕੇ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਸੀ ਕਿ ਇਸ ਮਾਮਲੇ ਵਿੱਚ ਰਾਹੁਲ ਗਾਂਧੀ ਨੂੰ ਗੁਮਰਾਹ ਕੀਤਾ ਗਿਆ ਹੈ। ਸ੍ਰੀ ਗਾਂਧੀ ਦੇ ਇਸ ਫ਼ੈਸਲੇ 'ਤੇ ਭਾਵੇਂ ਨਵਜੋਤ ਸਿੰਘ ਸਿੱਧੂ ਨੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਅਤੇ ਇਸ ਫ਼ੈਸਲੇ ਨੂੰ ਮੰਨਣ ਦਾ ਦਾਅਵਾ ਕਰ ਰਹੇ ਹਨ ਪਰ ਉਨ੍ਹਾਂ ਦੇ ਸਰੀਰਕ ਹਾਵ-ਭਾਵ ਦੱਸਦੇ ਹਨ ਕਿ ਇਸ ਫ਼ੈਸਲੇ ਨਾਲ ਉਨ੍ਹਾਂ ਦਾ ਮਨੋਬਲ ਡਿੱਗਿਆ ਹੈ।

# ਇਕ ਦਿਨ ਗੁਰਜੀਤ ਰਾਣੇ ਨੂੰ ਯੂਪੀ ਵਾਪਿਸ ਭੇਜਾਂਗੇ-ਖਹਿਰਾ

ਜਲੰਧਰ-ਦੋਆਬੇ ਦੀ ਸਭ ਤੋਂ ਹੌਟ ਸੀਟ ਮੰਨੀ ਜਾਂਦੀ ਸੁਲਤਾਨਪੁਰ ਲੋਧੀ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ 'ਤੇ ਤਿੱਖੇ ਸਿਆਸੀ ਹਮਲੇ ਕੀਤੇ ਹਨ। ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਪਹਿਲਾਂ ਹੀ ਸੁਲਤਾਨਪੁਰ ਲੋਧੀ ਦੇ ਮੌਜੂਦਾ ਕਾਂਗਰਸੀ ਵਿਧਾਇਕ ਤੇ ਹੁਣ ਪਾਰਟੀ ਦੇ ਉਮੀਦਵਾਰ ਨਵਤੇਜ ਸਿੰਘ ਚੀਮਾ 'ਤੇ ਕਈ ਸਿਆਸੀ ਹਮਲੇ ਕਰ ਚੁੱਕੇ ਹਨ। ਇਨ੍ਹਾਂ ਸਿਆਸੀ ਹਮਲਿਆਂ ਦਾ ਜਵਾਬ ਸਾਬਕਾ ਵਿਧਾਇਕ ਤੇ ਭੁਲੱਥ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਦਿੰਦਿਆਂ ਕਿਹਾ ਕਿ ਇੱਕ ਦਿਨ ਆਵੇਗਾ ਜਦੋਂ ਰਾਣਾ ਗੁਰਜੀਤ ਸਿੰਘ ਨੂੰ ਵਾਪਸ ਯੂਪੀ ਭੇਜਿਆ ਜਾਵੇਗਾ ਜਿੱਥੋਂ ਉਹ ਅਸਲ ਵਿੱਚ ਆਇਆ ਸੀ। ਖਹਿਰਾ ਨੇ ਰਾਣਾ ਗੁਰਜੀਤ ਸਿੰਘ ਨੂੰ ਡਰਪੋਕ ਦੱਸਦਿਆਂ ਕਿਹਾ ਕਿ ਉਸ 'ਤੇ ਨਸ਼ਿਆਂ ਦਾ ਜਿਹੜਾ ਝੂਠਾ ਕੇਸ ਪਾਇਆ ਗਿਆ ਹੈ ਉਸ ਦੇ ਪਿੱਛੇ ਰਾਣੇ ਦਾ ਹੱਥ ਹੈ। ਸੁਖਪਾਲ ਸਿੰਘ ਖਹਿਰਾ ਨੇ ਇਹ ਐਲਾਨ ਵੀ ਕੀਤਾ ਕਿ 2027 ਦੀਆਂ ਵਿਧਾਨ ਸਭਾ ਦੀ ਚੋਣ ਕਪੂਰਥਲਾ ਤੋਂ ਰਾਣਾ ਦੇ ਵਿਰੁੱਧ ਲੜੇਗਾ। ਖਹਿਰਾ ਨੇ ਕਿਹਾ ਕਿ ਰਾਣਾ ਕਪੂਰਥਲਾ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ ਅਤੇ ਆਪਣੇ ਪੁੱਤਰ ਨੂੰ ਸੁਲਤਾਨਪੁਰ ਲੋਧੀ ਤੋਂ ਆਜ਼ਾਦ ਲੜਾ ਕੇ ਕਾਂਗਰਸ ਦੀ ਪਿੱਠ ਵਿੱਚ ਛੁਰਾ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਵੀ ਇੱਕ ਸੀਟ 'ਤੇ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਨਾ ਕਰਕੇ ਕਮਜ਼ੋਰੀ ਦਿਖਾਈ ਹੈ। ਰਾਣਾ ਵਿਰੁੱਧ ਕਾਰਵਾਈ ਬਹੁਤ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ ਪਰ ਫਿਰ ਵੀ ਉਹ ਪਾਰਟੀ ਹਾਈਕਮਾਂਡ ਨੂੰ ਕਾਰਵਾਈ ਕਰਨ ਦੀ ਅਪੀਲ ਕਰਦੇ ਹਨ।




Targeted financial support programs available now

For eligible Canadians or business owners who continue to struggle due to COVID-19:

- Hardest-Hit Business Recovery Program
- Tourism and Hospitality Recovery Program
- Canada Recovery Hiring Program
- Canada Worker Lockdown Benefit

canada.ca/coronavirus

Government of Canada Gouvernement du Canada

Canada







ਸਾਡਾ ਸੂਬਾ ਐਂਬਰੋਜ਼ੀਆ ਸੇਬ - ਇੱਕ ਅਜਿਹੀ ਕਿਸਮ ਜੋ ਇੱਥੋਂ ਬੀਸੀ ਤੋਂ ਹੀ ਆਈ ਹੈ, ਸਮੇਤ ਸੇਬ ਦੀਆਂ 12 ਤੋਂ ਵੱਧ ਵਿਲੱਖਣ ਕਿਸਮਾਂ ਦਾ ਘਰ ਹੈ। ਖਰੀਦਦਾਰੀ ਕਰਨ ਵੇਲੇ ਸਥਾਨਕ ਸੇਬ ਖਰੀਦ ਕੇ ਬੀਸੀ ਦੇ ਸੇਬ ਉਤਪਾਦਕਾਂ, ਉਹਨਾਂ ਦੇ ਭਾਈਚਾਰਿਆਂ ਅਤੇ ਟਿਕਾਊ ਸਥਾਨਕ ਭੋਜਨ ਪ੍ਰਣਾਲੀ ਦਾ ਸਮਰਥਨ ਕਰੋ।

BRITISH COLUMBIA

buybc.gov.bc.ca

buyBC


# ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਮਨਾਈ ਜਾਂਦੀ ਬਸੰਤ ਪੰਚਮੀ ਦਾ ਮਹਾਤਮ



ਅੰਮ੍ਰਿਤਸਰ ਤੋਂ ਲਗਭਗ 10 ਕਿੱਲੋਮੀਟਰ ਦੀ ਦੂਰੀ 'ਤੇ ਪੱਛਮ ਵਾਲੇ ਪਾਸੇ ਵੱਸੇ ਛੇਹਰਟਾ ਕਸਬੇ 'ਚ ਸਥਿਤ ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਸਾਲਾਨਾ ਮਨਾਏ ਜਾਂਦੇ ਬਸੰਤ ਪੰਚਮੀ ਦੇ ਜੋੜ ਮੇਲੇ ਦਾ ਪਿਛੋਕੜ ਸਵਾ ਚਾਰ ਸ਼ਤਾਬਦੀਆਂ ਤੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਹੈ । ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰੂ ਕੀ ਵਡਾਲੀ (ਪੁਰਾਣਾ ਨਾਮ ਨੱਤਾ ਦੀ ਵਡਾਲੀ) ਵਿਖੇ 1595 ਈ: ਨੂੰ ਪ੍ਰਕਾਸ਼ ਲੈਣ ਦੀ ਖੁਸ਼ੀ ਵਿਚ ਪੰਜ ਖੂਹਾਂ ਦਾ ਨਿਰਮਾਣ ਕਰਵਾਇਆ ਸੀ ਜਿਨ੍ਹਾਂ ਵਿਚੋ ਛੇ ਮਾਹਲਾਂ ਵਾਲਾ ਖੂਹ (ਛੇਹਰਟਾ) ਅਕਾਰ 'ਚ ਹੋਰ ਚਾਰ ਖੂਹਾਂ ਤੋਂ ਵੱਡਾ ਸੀ । ਇਸ ਖੂਹ 'ਤੇ ਬਲਦ ਜੋਣ ਲਈ 6 ਪਲਾਣੇ ਬਣਾਏ ਗਏ ਸਨ । ਹਰੇਕ ਪਲਾਣੇ 'ਤੇ ਦੋ ਬਲਦ ਜੋਏ ਜਾਂਦੇ ਸਨ । ਸੋ 6 ਪਲਾਣਿਆਂ 'ਤੇ 12 ਬਲਦ ਜੋਅ ਕੇ ਮਿਟੀ ਦੀਆਂ ਪੱਕੀਆਂ ਟਿੰਡਾਂ ਰਾਹੀਂ ਇਕੋ ਖੂਹ ਵਿੱਚੋਂ ਵੱਖ ਵੱਖ ਛੇ ਪਾੜਛਿਆਂ ਵਿੱਚ ਜਲ ਬਾਹਰ ਆਕੇ ਖੇਤੀ ਨੂੰ ਸਿੰਝਣ, ਇਸ਼ਨਾਨ ਕਰਨ ਅਤੇ ਛੱਕਣ ਆਦਿ ਦੇ ਕੰਮ ਆਉਂਦਾ ਸੀ । ਸੰਸਾਰ ਦੇ ਇਤਿਹਾਸ ਵਿਚ ਇਕੋ ਖੂਹ 'ਤੇ ਛੇ ਮਾਹਲਾਂ (ਹਰਟ) ਚਲਾਉਣ ਦੀ ਇਤਿਹਾਸਕ ਘਟਨਾ ਪਹਿਲੀ ਵਾਰ ਵਾਪਰੀ ਕਿ ਗੁਰੂ ਜੀ ਨੇ ਖੇਤੀ ਨੂੰ ਸਿੰਝਣ ਲਈ ਇਕੋ ਖੂਹ 'ਤੇ ਛੇ ਮਾਹਲਾਂ (ਪਰਸ਼ੀਅਨ ਵੀਲ) ਚਲਾ ਦਿੱਤੀਆਂ ।ਇਥੇ ਇਹ ਵਰਣਨਯੋਗ ਕਿ 1595 ਈ: ਵਿਚ ਇਸ ਇਲਾਕੇ 'ਚ ਔੜ ਕਾਰਨ ਪਾਣੀ ਦੀ ਬਹੁਤ ਘਾਟ ਸੀ । ਗੁਰੂ ਜੀ ਵਲੋਂ ਲਗਾਏ ਗਏ ਪੰਜਾਂ ਖੂਹਾਂ 'ਚ ਕਈ ਹਰਟੇ ਚਲਣ ਨਾਲ ਸਾਰੇ ਪਾਸੇ ਫਸਲਬਾੜੀ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ । ਛੇ ਹਰਟਾਂ ਵਾਲੇ ਖੂਹ ਦੇ ਨਾਮ 'ਤੇ ਹੀ ਕਸਬੇ ਦਾ ਨਾਮ 'ਛੇਹਰਟਾ' ਪਰਸਿਧ ਹੋ ਗਿਆ ਹੈ।

ਪੰਚਮ ਗੁਰੂ ਜੀ ਨੇ ਛੇਹਰਟਾ ਖੂਹ ਨੂੰ ਬਸੰਤ ਰੁੱਤ ਵਿਚ ਆਉਂਦੀ ਪੰਚਮੀ ਵਾਲੇ ਦਿਨ ਚਾਲੂ ਕੀਤਾ ਸੀ ਜਿਸ ਕਰਕੇ ਇਸ ਮਹੀਨੇ ਆਉਂਦੀ ਪੰਚਮੀ ਨੂੰ "ਬਸੰਤ ਪੰਚਮੀ" ਕਿਹਾ ਜਾਂਦਾ ਹੈ । ਗੁਰੂ ਕੀ ਵਡਾਲੀ ਵਿੱਚ ਲਗਭਗ 3 ਸਾਲ ਨਿਵਾਸ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਅਤੇ ਬਾਲਕ ਹਰਿਗੋਬਿੰਦ ਸਾਹਿਬ ਜੀ ਨੂੰ ਲੈ ਕੇ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਾਲੇ ਸਥਾਨ 'ਤੇ ਜਾਣ ਤੋਂ ਕੁਝ ਦਿਨ ਪਹਿਲਾਂ ਛੇ ਮਾਹਲਾਂ ਵਾਲੇ 'ਛੇਹਰਟਾ ਖੂਹ' ਨੂੰ ਬਸੰਤ ਪੰਚਮੀ ਵਾਲੇ ਦਿਨ ਆਪਣੇ ਕਰ ਕਮਲਾਂ ਨਾਲ ਚਾਲੂ ਕਰਕੇ ਵਰ ਦੇਂਦਿਆਂ ਜੋ ਫੁਰਮਾਇਆ ਸੀ ?ਹ ਇਤਿਹਾਸਕ ਗ੍ਰੰਥ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਦਰਜ ਹਨ:–("ਰਚਿ ? ਛੇਹਰਟਾ ਅਤਿ ਸੁਖਦਾਈ। ਤਾ ਕੀ ਮਹਿਮਾ ਅਧਿਕ ਬਡਾਈ। ਪੁੱਤਰ ਹੇਤੁ ਨਾਰੀ ਜੋਉ ਮਾਸਿ ਮਾਸਿ ਈਹਾਂ ਨਾਇ। ਏਕ ਬਰਸਿ ਮਹਿ ਸੁੱਤ ਲਹੈ, ਸਤਿਗੁਰ ਅਸਿ ਫੁਰਮਾਇ")। ਸੋ ਗੁਰੂ ਜੀ ਵਲੋਂ ਛੇਹਰਟਾ ਖੂਹ ਨੂੰ ਦਿੱਤੀਆਂ ਬਖਸ਼ਿਸ਼ਾਂ ਕਰਕੇ ਸੰਗਤਾਂ ਵਲੋਂ ਹਰੇਕ ਮਹੀਨੇ ਆਉਂਦੀ ਪੰਚਮੀ 'ਤੇ ਇਸ਼ਨਾਨ ਕਰਕੇ ਔਲਾਦ ਲਈ ਅਰਦਾਸਾਂ ਬੇਨਤੀਆਂ ਕਰਵਾਈਆਂ ਜਾਂਦੀਆਂ ਹਨ । ਪੁਰਾਤਨ ਪਰੰਪਰਾ ਅਨੁਸਾਰ ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਔਲਾਦ ਲਈ ਅਰਦਾਸ ਕਰਵਾਉਣ ਵਾਲੇ ਜਗਿਆਸੂਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 396 ਅੰਗ 'ਤੇ ਅੰਕਿਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਆ ("ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ" ॥) ਵਾਲਾ ਸ਼ਬਦ ਜਾਪ ਕਰਨ ਲਈ ਦਿੱਤਾ ਜਾਂਦਾ ਹੈ । ਇਥੇ ਇਹ ਗੱਲ ਯਾਦ ਰੱਖਣਯੋਗ ਹੈ ਕਿ ਭਾਈ ਖਾਨ ਜੀ, ਭਾਈ ਢੋਲ ਜੀ ਅਤੇ ਭਾਈ ਭਾਗੂ ਜੀ ਨੇ 'ਨੱਤਾਂ ਦੀ ਵਡਾਲੀ ਵਾਲੇ ਭਾਈ ਭਾਗੂ ਜੀ ਦੇ ਵਾੜੇ ਵਾਲੇ ਘਰ ਤੋਂ ਜਾ ਕੇ ਪਿੰਡ ਦੇ ਬਾਹਰ ਵਾਰ ਅੰਮ੍ਰਿਤਸਰ ਤੋਂ ਭਾਜੜ ਦੇ ਰੂਪ 'ਚ ਤੰਬੂ ਲਾ ਕੇ ਨਿਵਾਸ ਕਰ ਰਹੇ ਪੰਚਮ ਗੁਰੂ ਜੀ ਨੂੰ ਆਪ ਜੀ ਦੇ ਮਹਿਲ ਮਾਤਾ ਗੰਗਾ ਜੀ ਦੀ ਕੁੱਖੋਂ ਬਾਲਕ ਹਰਿਗੋਬਿੰਦ ਜੀ ਦੇ ਪ੍ਰਕਾਸ਼ ਲੈਣ ਦੀ ਖੁਸ਼ਖਬਰੀ ਦਾ ਜਦ ਸ਼ੁੱਭ ਸਮਾਚਾਰ ਸੁਣਾਇਆ ਤਾਂ ਗੁਰੂ ਜੀ ਅਕਾਲ ਪੁਰਖ ਦੇ ਸ਼ੁਕਰਾਨੇ ਹਿੱਤ "ਸਤਿਗੁਰ ਸਾਚੈ ਦੀਆ ਭੇਜਿ" ਵਾਲੇ ਸ਼ਬਦ ਦੀ ਰਚਨਾ ਕੀਤੀ ਸੀ । ਇਸ ਸ਼ਬਦ ਦੀ ਰਚਨਾ ਕਰਨ ਵਾਲੇ ਸਥਾਨ 'ਤੇ ਹੀ ਬਾਅਦ 'ਚ ਪੰਚਮ ਗੁਰੂ ਜੀ ਵਲੋਂ 'ਛੇਹਰਟਾ ਖੂਹ ਤਾਮੀਰ ਕਰਵਾਇਆ ਗਿਆ ਸੀ ਜਿਸ ਹੁਣ 'ਗੁ: ਸ੍ਰੀ ਛੇਹਰਟਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਪੰਚਮ ਗੁਰੂ ਜੀ ਦੇ ਦਿੱਤੇ ਵਰ ਸਦਕਾ ਸੰਗਤਾਂ ਅਰਦਾਸਾਂ ਪੂਰੀਆਂ ਹੋਣ 'ਤੇ ਸਾਲ ਬਾਅਦ ਭਾਰੀ ਗਿਣਤੀ ਵਿਚ ਬਸੰਤ ਪੰਚਮੀ 'ਤੇ ਆਪਣੇ ਬੱਚਿਆਂ ਦੀਆਂ ਸੁੱਖਣਾ ਪੂਰੀਆਂ ਕਰਨ ਆਉਂਦੀਆਂ ਹਨ । ਗੁ: ਸਾਹਿਬ ਦੇ ਸਰੋਵਰ ਵਿੱਚ ਛੇਹਰਟਾ ਖੂਹ 'ਚੋਂ ਪੈਂਦੇ ਜਲ ਨਾਲ ਸੰਗਤਾਂ ਇਸ਼ਨਾਨ ਕਰਦੀਆਂ ਹਨ –ਯਾਦ ਰਹੇ ਕਿ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਚੌਥੀ ਪੀੜੀ ਦੇ ਬਾਬਾ ਬੁੱਧ ਸਿੰਘ ਰੰਧਾਵਾ ਵਲੋਂ ਛੇਹਰਟਾ ਅਤੇ ਪੰਜਹਰਟਾ ਖੂਹਾਂ ਦੀ ਜਮੀਨ ਸੰਗਤਾਂ ਦੀ ਸੇਵਾ ਹਿੱਤ ਲੋਹ ਲੰਗਰ ਦੇ ਨਾਮ ਦਾਨ ਕਰ ਦਿਤੀ ਸੀ ਜਿਸ ਕਰਕੇ ਇਨ੍ਹਾਂ ਦੋ ਖੂਹਾਂ ਦੀ ਜਮੀਨ ਦੀ ਸਾਂਭ ਸੰਭਾਲ ਲਈ ਲੋਕਲ ਗੁ: ਕਮੇਟੀ ਹੋਂਦ ਵਿੱਚ ਆਈ । ਬਾਬਾ ਸਹਾਰੀ ਰੰਧਾਵਾ ਜੀ ਦੀ 9ਵੀਂ ਪੀੜੀ ਵਿਚੋਂ ਹੋਏ ਸੰਤ ਅਮਰੀਕ ਸਿੰਘ ਰੰਧਾਵਾ (ਲੇਖਕ ਦੇ ਪਿਤਾ ਜੀ) ਨੇ ਦੋ ਤਿੰਨ ਦਹਾਕੇ ਲੋਕਲ ਗੁ: ਪ੍ਰਬੰਧਕ ਕਮੇਟੀ ਛੇਹਰਟਾ ਸਾਹਿਬ ਵਿਖੇ ਬਤੌਰ ਮੈਨੇਜਰ ਯਾਦਗਾਰੀ ਸੇਵਾ ਨਿਭਾਅ ਕੇ ਇਲਾਕੇ ਵਿੱਚ ਜੱਸ ਖੱਟਿਆ ਸੀ। ਛੇ ਹਰਟਾਂ ਵਾਲੇ ਖੂਹ ਤੋਂ ਇਲਾਵਾ ਪੰਚਮ ਗੁਰੂ ਜੀ ਨੇ ਗੁਰੂ ਕੀ ਵਡਾਲੀ ਦੀ ਜੂਹ ਵਿਚ ਚਾਰ ਹੋਰ ਖੂਹਾਂ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ ਅਤੇ ਪੰਜ ਹਰਟਾ) ਦੇ ਨਿਰਮਾਣ ਵੀ ਬਾਬਾ ਬੁੱਢਾ ਸਾਹਿਬ ਜੀ ਦੇ ਵੰਸ਼ਜ 'ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਨਿਗਰਾਨੀ ਹੇਠ ਕਰਵਾਏ ਸਨ । ਪੰਚਮ ਗੁਰੂ ਜੀ ਲਗਭਗ ਤਿੰਨ ਸਾਲ ਦੇ ਬਾਲਕ ਹਰਿਗੋਬਿੰਦ ਜੀ ਅਤੇ ਪਰਿਵਾਰ ਸਮੇਤ ਗੁਰੂ ਕੀ ਵਡਾਲੀ ਤੋਂ ਆਪਣੇ ਅੰਮ੍ਰਿਤਸਰ ਵਾਲੇ ਨਿਵਾਸ ਅਸਥਾਨ ਗੁਰੂ ਕੇ ਮਹਿਲ ਵਾਪਿਸ ਜਾਣ ਤੋਂ ਪਹਿਲਾਂ ਬਾਬਾ ਸਹਾਰੀ ਜੀ ਨੂੰ ਪੰਜਾਂ ਖੂਹਾਂ ਦੀ ਜਮੀਨ ਦਾ ਮਾਲਕ ਬਣਾਕੇ 'ਗੁਰੂ ਕਾ ਹਾਲੀ' ਦਾ ਵਰ ਦੇਂਦੇ ਹੋਏ ਭਾਈ ਖਾਨ ਤੇ ਭਾਈ ਢੋਲ ਜੀ ਵਲੋਂ ਦਿੱਤੀ ਜਮੀਨ ਨੂੰ ਆਬਾਦ ਕਰਨ ਦਾ ਥਾਪੜਾ ਦੇਣ ਤੋਂ ਇਲਾਵਾ ਛੇਹਰਟਾ ਖੂਹ 'ਤੇ ਚਲਦੀਆਂ ਛੇ ਮਾਹਲਾਂ 'ਤੇ ਸੰਗਤਾਂ ਵੱਲੋਂ ਆਪਣੇ ਪਿੰਡਾਂ ਤੋਂ ਬਲਦਾਂ ਦੀਆਂ ਜੋੜੀਆਂ ਖੂਹ 'ਤੇ ਜੋਅ ਕੇ ਪਾਣੀ ਕੱਢਣ ਵਾਲੇ ਸ਼ਰਧਾਲੂਆਂ ਦੀਆਂ ਅਰਦਾਸਾਂ ਬੇਨਤੀਆਂ ਕਰਨ ਦੀ ਵੀ ਬਖਸ਼ਿਸ਼ ਕਰ ਗਏ ਸਨ।

**ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ**
**9988066466**

# ਸੰਗੀਤ ਦੀ ਦੇਵੀ ਲਤਾ ਮੰਗੇਸ਼ ਕੌਰ ਸੀ

**ਗੁਰਭਜਨ ਗਿੱਲ**




ਲਤਾ ਜੀ ਨੂੰ ਕੌਰ ਬਣਾ ਕੇ ਅਸੀਂ ਸੂਰਜ ਨੂੰ ਮੁੱਠੀ ਚ ਕੈਦ ਨਹੀਂ ਕਰ ਸਕਦੇ। ਪਰ ਇੱਕ ਦਮ ਕਬਜ਼ੇ ਦੀ ਭਾਵਨਾ ਕਾਫ਼ੂਰ ਹੋ ਗਈ, ਜਦ ਚੇਤੇ ਆਇਆ, ਮਹਿਕ ਦਾ ਕੋਈ ਨਾਮ, ਵਤਨ, ਰੰਗ ਜ਼ਾਤ , ਨਸਲ ਭੇਦ ਨਹੀਂ ਹੁੰਦਾ। ਲਤਾ ਜੀ ਮਹਿਕ ਸਨ, ਬ੍ਰਹਿਮੰਡ ਚ ਘੁਲ਼ ਗਏ ਬੇਅੰਤ ਬਰਕਤਾਂ ਧਰਤੀ ਨੂੰ ਸੌਂਪ ਕੇ।


ਇਹ ਗੱਲ ਜਿਹੜੀ ਮੈਂ ਸੁਣਾ ਰਿਹਾ ਹਾਂ ਇਹ ਲੰਮਾ ਸਮਾਂ ਪਹਿਲਾਂ ਮੈਂ ਲਤਾ ਮੰਗੇਸ਼ਕਰ ਜੀ ਦੀ ਇੱਕ ਇੰਟਰਵਿਊ ਚੋਂ ਸੁਣੀ ਸੀ ਪਰ ਵਿੱਸਰੀ ਰਹੀ। ਕੁਝ ਸਾਲ ਪਹਿਲਾਂ ਸਾਡਾ ਪੰਜਾਬੀ ਪੁੱਤਰ ਦੇਵਿੰਦਰਪਾਲ ਸਿੰਘ ਇੰਡੀਅਨ ਆਈਡੋਲ ਬਣਿਆ ਤਾਂ ਲਤਾ ਜੀ ਜੱਜ ਸਨ। ਉਨ੍ਹਾਂ ਦੇਵਿੰਦਰਪਾਲ ਨੂੰ ਸੁਰਵੰਤਾ ਹੋਣ ਕਾਰਨ ਰੱਜਵਾਂ ਪਿਆਰ ਦਿੱਤਾ ਤੇ ਕਈ ਵਾਰ ਆਪਣੇ ਘਰ ਬੁਲਾਇਆ। ਦੇਵਿੰਦਰਪਾਲ ਸਿੰਘ ਨੇ ਇਹ ਗੱਲ ਆਪਣੇ ਉਸਤਾਦ ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਟਕਸਾਲ ਵਾਲਿਆਂ ਨੂੰ ਦੱਸੀ। ਇਹ ਵੀ ਦੱਸਿਆ ਕਿ ਲਤਾ ਜੀ ਦੇ ਭਤੀਜੇ ਅਦਿੱਤਯ ਮੰਗੇਸ਼ਕਰ ਮੁਤਾਬਕ ਉਹ ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲਿਆਂ ਦਾ ਕੀਰਤਨ ਅਕਸਰ ਸੁਣਦੇ ਹਨ ਤੇ ਮਿਲਣਾ ਵੀ ਚਾਹੁੰਦੇ ਹਨ। ਭਾਈ ਸਾਹਿਬ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਦੇ ਮਨ ਚ ਵੀ ਇਹ ਚਿਰੋਕਣੀ ਤਾਂਘ ਸੀ ਸੰਗੀਤ ਦੀ ਸਰਸਵਤੀ ਦੇਵੀ ਲਤਾ ਜੀ ਨੂੰ ਮਿਲਣ ਦੀ। ਭਾਈ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਦੋਵੇਂ ਦੇਵਿੰਦਰਪਾਲ ਦੇ ਨਾਲ ਲਤਾ ਮੰਗੇਸ਼ਕਰ ਜੀ ਦੇ ਘਰ ਮਿਲਣ ਲਈ ਮੁੰਬਈ ਚਲੇ ਗਏ। ਇਹ 2013 ਜਾਂ 2014 ਦੀ ਗੱਲ ਹੈ। ਉਹ ਬੇਹੱਦ ਸਨੇਹ ਨਾਲ ਮਿਲੇ। ਦੋ ਢਾਈ ਘੰਟੇ ਬਚਪਨ ਤੋਂ ਹੁਣ ਤੀਕ ਦੀਆਂ ਗੱਲਾਂ ਚੱਲੀਆਂ। ਉਨ੍ਹਾਂ ਦੱਸਿਆ ਕਿ ਅਸੀਂ ਸਾਰਾ ਪਰਿਵਾਰ ਬਚਪਨ ਵੇਲੇ ਤੋਪਖਾਨਾ ਮੁੱਹੱਲਾ ਇੰਦੌਰ (ਮੱਧ ਪਰਦੇਸ਼) ਵਿੱਚ ਰਹਿੰਦੇ ਸਾਂ। ਇਹ ਮੁਹੱਲਾ ਸਿੱਖ ਬਹੁ ਗਿਣਤੀ ਦਾ ਹੋਣ ਕਾਰਨ ਅਸੀਂ ਤਿੰਨੇ ਭੈਣਾਂ ਲਤਾ, ਆਸ਼ਾ ਤੇ ਊਸ਼ਾ ਮੰਗੇਸ਼ਕਰ ਰੋਜ਼ਾਨਾ ਗੁਰਦਵਾਰੇ ਜ਼ਰੂਰ ਜਾਂਦੀਆਂ। ਮੇਰੀ ਗੁੱਤ ਬਹੁਤ ਲੰਮੀ ਸੀ। ਮੈਂ ਸਾਰੀ ਉਮਰ ਵਾਲਾਂ ਨੂੰ ਕੈਂਚੀ ਨਹੀਂ ਛੁਹਾਈ। ਇਸ ਪਿੱਛੇ ਅਜੀਬ ਕਾਰਨ ਸੀ। ਮੇਰੇ ਸੰਗੀਤ ਗੁਰੂ ਜੀ ਨੇ ਬਚਪਨ ਵੇਲੇ ਹੀ ਮਨ ਚ ਬਿਠਾ ਦਿੱਤਾ ਸੀ ਕਿ ਜੇ ਤੂੰ ਵਾਲ ਕੱਟੇਂਗੀ ਤਾਂ ਤੇਰੀ ਆਵਾਜ਼ ਖ਼ਰਾਬ ਹੋ ਜਾਵੇਗੀ।

ਮੈਂ ਇਸ ਗੱਲ ਨੂੰ ਵਿਸ਼ਵਾਸ ਵਾਂਗ ਪੁਗਾਇਆ ਹੈ। ਹੁਣ ਵੀ ਮੇਰੀ ਗੁੱਤ ਓਨੀ ਲੰਮੀ ਹੈ। ਪ੍ਰਿੰਸੀਪਲ ਸੁਖਵੰਤ ਸਿੰਘ ਦੇ ਮਨ ਚ ਉਤਸੁਕਤਾ ਵਧੀ। ਇਸ ਦਾ ਕਾਰਨ ਸੀ ਕਿ ਉਸ ਦੇ ਆਪਣੇ ਸੰਗੀਤ ਉਸਤਾਦ ਸ? ਸਰਵਣ ਸਿੰਘ ਜੀ ਦੀ ਦਾੜ੍ਹੀ ਉਨ੍ਹਾਂ ਦੇ ਕੱਦ ਤੋਂ ਲੰਮੇਰੀ ਹੈ। ਪ੍ਰਿੰਸੀਪਲ ਸੁਖਵੰਤ ਸਿੰਘ ਨੇ ਲਤਾ ਜੀ ਨੂੰ ਗੁੱਤ ਦਾ ਜੂੜਾ ਖੋਲ੍ਹ ਕੇ ਵਿਖਾਉਣ ਦੀ ਬੇਨਤੀ ਕੀਤੀ। ਖੋਲ੍ਹਿਆ ਤਾਂ ਗੁੱਤ ਗੋਡਿਆਂ ਤੋਂ ਵੀ ਹੇਠਾਂ ਤੀਕ ਸੀ। ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ ਉਸ ਪਲ ਨੂੰ ਚੇਤੇ ਕਰਕੇ ਹੁਣ ਵੀ ਆਨੰਦ ਵਿਭੋਰ ਹੋ ਜਾਂਦੇ ਹਨ। ਕੱਲ੍ਹ ਮੈਂ ਤੇ ਭਾਈ ਹਰਜਿੰਦਰ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ ਤੇ ਦੇਵਿੰਦਰਪਾਲ ਸਿੰਘ ਤਿੰਨੇ ਸਰਦੂਲ ਸਿਕੰਦਰ ਦੇ ਵਛੋੜੇ ਮੌਕੇ ਖੰਨਾ ਚ ਉਸ ਦੇ ਘਰ ਇਕੱਠੇ ਸਾਂ। ਕੱਲ੍ਹ ਖੰਨਾ ਵਿੱਚ ਸਰਦੂਲ ਸਿਕੰਦਰ ਦੇ ਘਰ ਕਿੰਨੇ ਸੰਗੀਤ ਸੂਰਜ ਪੁੱਜੇ। ਜਿੱਧਰ ਨਜ਼ਰ ਪਵੇ, ਨੂਰੋ ਨੂਰ ਨਜ਼ਾਰਾ। ਸਿਰਫ਼ ਸਰਦੂਲ ਨਹੀਂ ਸੀ। ਹੰਸ ਰਾਜ ਹੰਸ, ਹਰਭਜਨ ਮਾਨ, ਜਸਬੀਰ ਜੱਸੀ, ਹਰਦੀਪ ਮੋਹਾਲੀ ਪੁੱਤਰ ਸਮੇਤ, ਰੋਮੀ ਰੰਜਨ, ਸਰਦਾਰ ਅਲੀ, ਆਸ਼ਕ ਅਲੀ, ਗੁਰਲੇਜ਼ ਅਖ਼ਤਰ, ਕੈਲੀ, ਗੁਰਲੇਜ਼ ਦਾ ਨਿੱਕਾ ਸੁਰਵੰਤਾ ਵੀਰ, ਭਾਈ ਪਿਆਰਾ ਸਿੰਘ ਮਿੱਠਾ ਟਿਵਾਣਾ ਵਾਲੇ, ਸਤਿੰਦਰਪਾਲ ਸਿੰਘ ਸਿੱਧਵਾਂ, ਡਾ? ਨਿਰਮਲ ਜੌੜਾ, ਜਸਮੇਰ ਸਿੰਘ ਢੱਟ, ਪੰਜਾਬੀ ਫਿਲਮ ਨਗਰੀ ਤੋਂ ਗੁਰਪ੍ਰੀਤ ਕੌਰ ਭੰਗੂ, ਸੰਜੀਵ ਆਨੰਦ, ਦੇਵਿੰਦਰ ਖੰਨੇਵਾਲਾ,ਮਲਕੀਤ ਰੌਣੀ ਤੇ ਕਈ ਹੋਰ। ਪਾਕਿਸਤਾਨ ਤੋਂ ਗ਼ਜ਼ਲ ਸਮਰਾਟ ਗੁਲਾਮ ਅਲੀ ਤੇ ਭਗਵੰਤ ਮਾਨ ਦੇ ਸ਼ੋਕ ਸੰਦੇਸ਼ੜੇ ਹਵਾ ਚ ਤੈਰ ਰਹੇ ਸਨ। ਮੈਨੂੰ ਇੰਜ ਲੱਗਿਆ ਪਰੂੰ ਗਏ ਸਰਦੂਲ ਨਾਲ ਲਤਾ ਜੀਵਦੀ ਮੁਲਾਕਾਤ ਹੋ ਗਈ ਹੋਵੇਗੀ। ਸਾਨੂੰ ਗਰੀਬ ਕਰਕੇ ਤੁਰ ਗਏ ਦੋਵੇਂ।

ਨਿੱਖੜੇ ਤਾਂ ਹੋਰ ਵੀ ਬਹੁਤ ਗੱਲਾਂ ਚੇਤੇ ਆਈਆਂ। ਸਰਦੂਲ ਦੇ ਵੀਰ ਗਮਦੂਰ ਤੇ ਭਰਪੂਰ ਚੇਤੇ ਆਏ। ਅਮਰ ਨੂਰੀ ਦਾ ਬਾਬਲ ਰੌਸ਼ਨ ਸਾਗਰ, ਉਹਦਾ ਬੇਲੀ ਮਨਚਲਾ, ਉਸਤਾਦ ਜਸਵੰਤ ਭੰਵਰਾ, ਦੀਦਾਰ ਸੰਧੂ ਤੇ ਕਿੰਨੇ ਹੋਰ। ਅੱਜ ਸਵੇਰੇ ਲਤਾ ਜੀ ਦੇ ਗਾਏ ਗੁਰਬਾਣੀ ਸ਼ਬਦ ਸੁਣਦਿਆਂ ਮੈਂ ਮਹਿਸੂਸ ਕੀਤਾ ਕਿ ਉਹ ਤਾਂ ਸਾਡੀ ਲਤਾ ਮੰਗੇਸ਼ ਕੌਰ ਸੀ। ਅਸੀਂ ਹੀ ਭੁੱਲੇ ਰਹੇ। ਮੈਨੂੰ ਬਚਪਨ ਚ ਸੁਣੀ ਗੱਲ ਯਾਦ ਆਈ। ਭਾਰਤ ਚੀਨ ਜੰਗ 1962 ਵੇਲੇ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਇੱਕ ਸਮਾਗਮ ਸੀ ਦਿੱਲੀ ਵਿੱਚ। ਏਥੇ ਲਤਾ ਮੰਗੇਸ਼ਕਰ ਜੀ ਨੇ ਗੀਤ ਗਾਇਆ। ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ। ਜੋ ਸ਼ਹੀਦ ਹੁਏ ਹੈ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ। ਇਹ ਸੁਣਦਿਆਂ ਹਜ਼ਾਰਾਂ ਲੋਕ ਸੁਬਕ ਰਹੇ ਸਨ। ਅੱਥਰੂ ਅੱਥਰੂ ਸਨ। ਲੱਗਦਾ ਸੀ ਦੁਨੀਆ ਭਰ ਦਾ ਦਰਦ ਲਤਾ ਜੀ ਨੇ ਸ਼ਬਦਾਂ ਚ ਪਰੋ ਦਿੱਤਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਫੁੱਟ ਫੁੱਟ ਰੋ ਪਏ। ਜਵਾਹਰਲਾਲ ਨਹਿਰੂ ਬਾਰੇ ਮਸ਼ਹੂਰ ਸੀ ਕਿ ਉਹ ਨਾ ਤਾਂ ਕਦੇ ਜਨਤਕ ਰੂਪ ਵਿੱਚ ਭਾਵੁਕ ਹੋ ਕੇ ਰੋਂਦੇ ਸਨ ਅਤੇ ਨਾ ਹੀ ਕਿਸੇ ਦੂਜੇ ਦਾ ਇਸ ਤਰ੍ਹਾਂ ਭਾਵੁਕ ਹੋਣਾ ਪਸੰਦ ਕਰਦੇ ਸਨ।

ਉਹ 27 ਜਨਵਰੀ, 1963 ਨੂੰ ਲਤਾ ਮੰਗੇਸ਼ਕਰ ਦਾ ਗਾਇਆ ਕਵੀ ਪ੍ਰਦੀਪ ਜੀ ਦਾ ਲਿਖਿਆ ਗੀਤ 'ਐ ਮੇਰੇ ਵਤਨ ਕੇ ਲੋਗੋ" ਗਾਇਆ ਤਾਂ ਨਹਿਰੂ ਆਪਣੇ ਅੱਥਰੂ ਰੋਕ ਨਾ ਸਕੇ। ਗਾਣੇ ਤੋਂ ਬਾਅਦ ਜਦੋਂ ਲਤਾ ਸਟੇਜ ਦੇ ਪਿੱਛੇ ਬੈਠੇ ਸਨ ਤਾਂ ਨਿਰਦੇਸ਼ਕ ਮਹਿਬੂਬ ਖ਼ਾਨ ਨੇ ਲਤਾ ਨੂੰ ਕਿਹਾ ਕਿ ਨਹਿਰੂ ਜੀ ਸੱਦ ਰਹੇ ਹਨ। ਮਹਿਬੂਬ ਨੇ ਲਤਾ ਨੂੰ ਨਹਿਰੂ ਦੇ ਸਾਹਮਣੇ ਲਿਜਾ ਕਿ ਕਿਹਾ, ਇਹ ਹੈ ਸਾਡੀ ਲਤਾ, ਤੁਹਾਨੂੰ ਕਿਵੇਂ ਲੱਗਿਆ ਇਸ ਦਾ ਗਾਣਾ? ਨਹਿਰੂ ਨੇ ਕਿਹਾ,"ਬਹੁਤ ਵਧੀਆ। ਇਸ ਲੜਕੀ ਨੇ ਮੇਰੀਆਂ ਅੱਖਾਂ ਵਿੱਚ ਪਾਣੀ ਲਿਆ ਦਿੱਤਾ।" ਇਹ ਕਹਿ ਕੇ ਨਹਿਰੂ ਨੇ ਲਤਾ ਨੂੰ ਗਲ਼ ਨਾਲ ਲਗਾ ਲਿਆ ਧੀ ਵਾਂਗ। ਤੁਰੰਤ ਇਸ ਗਾਣੇ ਦੀ ਮਾਸਟਰ ਟੇਪ ਨੂੰ ਵਿਵਿਧ ਭਾਰਤੀ ਦੇ ਪ੍ਰਸਾਰਨ ਸਟੇਸ਼ਨ ਪਹੁੰਚਾਇਆ ਗਿਆ ਅਤੇ ਰਿਕਾਰਡ ਸਮੇਂ ਵਿੱਚ ਐੱਚਐੱਮਵੀ ਕੰਪਨੀ ਵੱਲੋਂ ਉਸ ਦਾ ਰਿਕਾਰਡ ਬਣਵਾ ਕੇ ਮਾਰਕੀਟ ਵਿੱਚ ਲਿਆਂਦਾ ਗਿਆ। ਮੈਨੂੰ ਯਾਦ ਹੈ ਕਿ ਸਾਡੇ ਸ਼੍ਰੀ ਬਾਵਾ ਲਾਲ ਹਾਈ ਸਕੂਲ ਧਿਆਨਪੁਰ ਵਿੱਚ ਇਹ ਰਿਕਾਰਡ ਸਵੇਰ ਦੀ ਪ੍ਰਾਰਥਨਾ ਮਗਰੋਂ ਵਜਾਇਆ ਜਾਂਦਾ ਸੀ। ਪੀ ਟੀ ਵੇਲੇ ਵੀ। ਦੇਖਦਿਆਂ ਹੀ ਇਹ ਗੀਤ ਪੂਰੇ ਦੇਸ਼ ਵਿੱਚ ਫੈਲ ਗਿਆ ਤੇ ਕੌਮੀ ਦਰਦਨਾਮਾ ਬਣ ਗਿਆ। ਲਤਾ ਮੰਗੇਸ਼ਕਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਵੇਲੇ ਸ ਮਹਿੰਦਰ ਦੇ ਸੰਗੀਤ ਵਿੱਚ ਕਈ ਸ਼ਬਦ ਰੀਕਾਰਡ ਕਰਵਾਏ। ਹੁਣ ਵੀ ਸਾਹਾਂ ਚ ਮਹਿਕਦੇ ਹਨ। ਲਤਾ ਜੀ ਨੂੰ ਕੌਰ ਬਣਾ ਕੇ ਅਸੀਂ ਸੂਰਜ ਨੂੰ ਮੁੱਠੀ ਚ ਕੈਦ ਨਹੀਂ ਕਰ ਸਕਦੇ। ਪਰ ਇੱਕ ਦਮ ਕਬਜ਼ੇ ਦੀ ਭਾਵਨਾ ਕਾਫ਼ੂਰ ਹੋ ਗਈ, ਜਦ ਚੇਤੇ ਆਇਆ, ਮਹਿਕ ਦਾ ਕੋਈ ਨਾਮ, ਵਤਨ, ਰੰਗ ਜ਼ਾਤ , ਨਸਲ ਭੇਦ ਨਹੀਂ ਹੁੰਦਾ। ਲਤਾ ਜੀ ਮਹਿਕ ਸਨ, ਬ੍ਰਹਿਮੰਡ ਚ ਘੁਲ਼ ਗਏ ਬੇਅੰਤ ਬਰਕਤਾਂ ਧਰਤੀ ਨੂੰ ਸੌਂਪ ਕੇ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਗੁਰੂ ਜੀ

900 ਨਬੀ ਬਖਸ਼ਾ ਤੇਰੀ ਜਾਨ ਬਖਸ਼ੀ, ਗੁਲਾਬੇ ਬਖਸ਼ੇ ਸਭ ਗੁਨਾਹ ਤੇਰੇ।
ਜੇ ਕਰ ਇਹ ਨਾ ਤੈਨੂੰ ਮਾਫ ਕਰਦਾ, ਮੁੱਕ ਜਾਣੇ ਸੀ ਅੱਜ ਇਹ ਸਾਹ ਤੇਰੇ।
ਕਈ ਬੇਗਮਾਂ ਹੁੰਦਿਆਂ ਹੋਰ ਭਾਲੇਂ, ਚੰਗੇ ਮੂਲ ਨਾ ਮੀਆਂ ਰਾਹ ਤੇਰੇ।
ਮਹਿਲੀਂ ਜਾਹ ਤੇ ਕਰ ਅਨੰਦ ਜਾਕੇ, ਅਸੀਂ ਕੀਤੇ ਮਾਫ ਗੁਨਾਹ ਤੇਰੇ।

### ਕਵੀਓ ਵਾਚ

901 ਸਤਿਗੁਰ ਲੈ ਗੁਲਾਬੇ ਨੂੰ ਜਦ ਆਏ, ਬੇਟੀ ਮਿਲੀ ਬਾਪ ਨੂੰ ਧਾ ਕੇ ਜੀ।
ਪਿਉ-ਧੀ ਨੇ ਗੁਰਾਂ ਦਾ ਸ਼ੁਕਰ ਕੀਤਾ, ਨੈਣੋਂ ਪਿਆਰ ਦੇ ਨੀਰ ਬਹਾ ਕੇ ਜੀ।
ਸਤਿਗੁਰਾਂ ਨੇ ਹੱਸ ਅਸੀਸ ਦਿੱਤੀ, ਹੱਥ ਸਿਰਾਂ ਦੇ ਉਤੇ ਟਿਕਾ ਕੇ ਜੀ।
ਹਰਚੰਦ ਸਿੰਘਾ ਬੰਦੀ ਛੋਡ ਸਤਿਗੁਰ, ਲਿਆਏ ਸਿੱਖ ਨੂੰ ਕੈਦੋਂ ਛੁਡਾ ਕੇ ਜੀ॥

### ਗੁਰੂ ਜੀ ਨੇ ਨੌਹਰ, ਨਰਾਇਣ ਅਤੇ ਅਜਮੇਰ ਪਹੁੰਚਣਾ

902 ਸਤਿਗੁਰਾਂ ਸਿਰਸੇ ਤੋਂ ਕੂਚ ਕੀਤਾ, ਨਾਲ ਧਰਮੀ ਸਿੰਘ ਸਰਦਾਰ ਚੱਲੇ।
ਰਾਜਸਥਾਨ ਦੇ ਰੇਤਲੇ ਰਾਹ ਟਿੱਬੇ, ਪਾਰ ਕਰਕੇ ਯੋਧੇ ਬਲਕਾਰ ਚੱਲੇ।
ਹਰੀ ਭਰੀ ਪੰਜਾਬ ਦੀ ਛੱਡ ਧਰਤੀ, ਦੱਖਣ ਦੇਸ਼ ਦੇ ਵੱਲ ਦਾਤਾਰ ਚੱਲੇ।
ਅਣਜਾਣ ਮਿੱਟੀ ਤੇ ਬੇ-ਪਛਾਣ ਲੋਕੀ, ਕਰਨ ਦੇਸ ਤੇ ਪਰ-ਉਪਕਾਰ ਚੱਲੇ॥

### ਕਵੀਓ ਵਾਚ

903 ਨੌਹਰ ਸ਼ਹਿਰ ਸੀ ਜੈਨੀਆ ਬੋਧੀਆਂ ਦਾ, ਦੇਸ ਸੇਵਾ ਦਾ ਉਥੇ ਪ੍ਰਚਾਰ ਕੀਤਾ।
ਨਰਾਇਣ ਪਿੰਡ ਦਾਦੂ ਦੇ ਗਏ ਡੇਰੇ, ਜੈਤ ਰਾਮ ਨੇ ਬੜਾ ਪਿਆਰ ਕੀਤਾ।
ਗੁਰਾਂ ਦੇਸ਼ ਆਜ਼ਾਦੀ ਦੀ ਗਲ ਕੀਤੀ, ਭਲੇ ਸੰਤਾਂ ਰੱਜ ਸਤਿਕਾਰ ਕੀਤਾ।
ਹਰਚੰਦ ਸਿੰਘਾ ਗਏ ਅਜਮੇਰ ਸਤਿਗੁਰ, ਆਈਆਂ ਸੰਗਤਾਂ ਨਾਲ ਵਿਚਾਰ ਕੀਤਾ॥

### ਸਿੰਘਾਂ ਨੇ ਗੁਰੂ ਜੀ ਨੂੰ ਤਨਖਾਹ ਲਾਉਣੀ

904 ਸੰਤ ਦਾਦੂ ਜੀ ਬੜੇ ਵਿਦਵਾਨ ਹੋਏ, ਭਗਤ ਰੱਬ ਦੇ ਕਵੀ ਮਹਾਨ ਹੈ ਸੀ।
ਚੰਗੀ ਮੱਤ ਦੇਂਵਦੇ ਚੇਲਿਆਂ ਨੂੰ, ਮੱਥਾ ਟੇਕਦਾ ਆ ਜਹਾਨ ਹੈ ਸੀ।
ਬੋਲ ਕਹੇ ਉਨ੍ਹਾਂ ਦੇ ਹੋਣ ਪੂਰੇ, ਰਿਧੀਆਂ-ਸਿਧੀਆਂ ਬੜਾ ਗਿਆਨ ਹੈ ਸੀ।
ਹਰ ਧਰਮ ਦੇ ਲੋਕ ਪਿਆਰ ਕਰਦੇ, ਹਰਚੰਦ ਸਿੰਘਾ ਨੇਕ ਇਨਸਾਨ ਹੈ ਸੀ॥

905 ਨਾਲ ਸ਼ਰਧਾ ਉਸੀ ਸਮਾਧ ਅੱਗੇ, ਗੁਰਾਂ ਆਪਣਾ ਤੀਰ ਝੁਕਾ ਦਿੱਤਾ।
ਸਿੰਘਾਂ ਵੇਖਕੇ ਬਹਿ ਵਿਚਾਰ ਕੀਤੀ, ਸਤਿਗੁਰ ਆਪਣਾ ਬਚਨ ਭੁਲਾ ਦਿੱਤਾ।
ਜਿਸ ਗੱਲੋਂ ਮਨਾਹੀ ਪੰਥ ਨੂੰ ਹੈ, ਆਪ ਆਪਣਾ ਚਿੱਤ ਡੁੱਲ੍ਹਾ ਦਿੱਤਾ।
ਹਰਚੰਦ ਸਿੰਘਾ ਗੁਰਾਂ ਨੂੰ ਤਲਬ ਕਰਕੇ, ਡੰਨ ਚੇਲਿਆਂ ਗੁਰਾਂ ਨੂੰ ਲਾ ਦਿੱਤਾ॥

### ਗੁਰੂ ਜੀ ਨੇ ਖਾਲਸੇ ਦੀ ਸਜ਼ਾ ਪ੍ਰਵਾਨ ਕਰਨੀ

906 ਸਜ਼ਾ ਸੁਣ ਕੇ ਗੁਰੂ ਜੀ ਖੁਸ਼ ਹੋਏ, ਸਾਡੀ ਭੁੱਲ ਦਾ ਸਾਨੂੰ ਗਿਆਨ ਸਿੰਘੋ।
ਤੁਸਾਂ ਆਪਣੇ ਗੁਰੂ ਨੂੰ ਬਖਸ਼ਿਆ ਨਹੀਂ, ਤੁਸੀਂ ਸਿੰਘ ਹੋ ਮੇਰੇ ਮਹਾਨ ਸਿੰਘੋ।
ਅਸੀਂ ਆਪਣੀ ਤਨਖਾਹ ਕਬੂਲ ਕੀਤੀ, ਅਸਾਂ ਕੀਤਾ ਸਵਾ ਸੌ ਦਾਨ ਸਿੰਘੋ।
ਮੈਨੂੰ ਪੰਥ ਤੇ ਮਾਣ ਹਰਚੰਦ ਸਿੰਘਾ, ਤੁਸੀਂ ਰੱਖੀ ਪੰਥ ਦੀ ਸ਼ਾਨ ਸਿੰਘੋ॥

### ਗੁਰੂ ਜੀ ਦਾ ਪੁਸ਼ਕਰ ਅਤੇ ਕਲਾਇਤ ਜਾਣਾ

907 ਪੁਸ਼ਕਰ ਲੰਘ ਕੇ ਗਏ ਕਲਾਇਤ ਸਤਿਗੁਰ, ਇੱਥੇ ਆ ਕੇ ਡੇਰਾ ਲਾਇਆ ਏ।
ਇਸੇ ਥਾਂ ਤੇ ਭਾਈ ਦਯਾ ਸਿੰਘ, ਨਾਲ ਸਿੰਘਾਂ ਦੇ ਇੱਥੇ ਆਇਆ ਏ।
ਔਰੰਗਜ਼ੇਬ ਨੂੰ ਦੇ ਕੇ ਜਫ਼ਰਨਾਮਾ, ਸੁਨੇਹੇ ਉਸਦੇ ਨਾਲ ਲਿਆਇਆ ਏ।
ਗਿਆਰਾਂ ਮਹੀਨੇ ਪਿੱਛੋਂ ਹਰਚੰਦ ਸਿੰਘਾ, ਦਰਸ਼ਨ ਗੁਰਾਂ ਦਾ ਆਣ ਕੇ ਪਾਇਆ ਏ॥

### ਗੁਰੂ ਜੀ ਨੇ ਸਿੰਘਾਂ ਦੇ ਸਫ਼ਰ ਦਾ ਹਾਲ ਪੁੱਛਣਾ ਭਾਈ ਦਯਾ ਸਿੰਘ ਜੀ

908 ਸਿੰਘਾਂ ਦੱਸਿਆ ਆ ਦਸਮੇਸ਼ ਜੀ ਨੂੰ, ਕਿਵੇਂ ਉਨ੍ਹਾਂ ਨੇ ਸਫ਼ਰ ਮੁਕਾਇਆ ਏ।
ਹਰ ਥਾਂ ਤੇ ਆਪ ਨੇ ਮਿਹਰ ਕੀਤੀ, ਮੌਤ ਮੁਸ਼ਕਲਾਂ ਕੋਲੋਂ ਬਚਾਇਆ ਏ।
ਅੰਤ ਅਸਾਂ ਨੇ ਅਰੰਗਾਬਾਦ ਜਾ ਕੇ, ਖ਼ਤ ਸਹਿਨਸ਼ਾਹ ਹੱਥ ਫੜਾਇਆ ਏ।
ਖਤ ਉਸਨੇ ਪਹਿਲਾਂ ਆਪ ਪੜ੍ਹਿਆ, ਫਿਰ ਕਈ ਵਾਰ ਪੜ੍ਹਾਇਆ ਏ॥

909 ਖ਼ਤ ਪੜ੍ਹ ਕੇ ਉਸਦੇ ਹੋਸ਼ ਉਡੇ, ਜੋਤ ਬੁੱਢੀਆਂ ਅੱਖਾਂ 'ਚੋਂ ਜਾਣ ਲੱਗੀ।
ਕਈ ਵਾਰ ਮੱਥੇ ਤੇ ਹੱਥ ਫੇਰੇ, ਜ਼ਰਦੀ ਚਿਹਰੇ ਤੇ ਹੋਰ ਵੀ ਆਣ ਲੱਗੀ।
ਨੀਵੀਂ ਪਾ ਕੇ ਸੋਚੀਂ ਪੈ ਗਿਆ, ਜਾਪੇ ਰੂਹ ਸੀ ਉਧੀ ਪਛਤਾਣ ਲੱਗੀ।
ਹੱਥ ਹਿੱਲਣ ਖੂੰਡੀ ਨਾ ਫੜ ਹੋਏ, ਜਿੰਦ ਉਸਦੀ ਫੜ-ਫੜਾਨ ਲੱਗੀ॥

910 ਕਾਫੀ ਦੇਰ ਦੇਖਦੇ ਰਹੇ ਅਸੀਂ, ਝੂਠਾ ਉਸਦਾ ਹੋਇਆ ਸਰੀਰ ਦਾਤਾ।
ਕਿਸੇ ਗੱਲ ਦਾ ਦਏ ਜਵਾਬ ਨਾ ਹੀ, ਪੁੱਛਣ ਉਸਨੂੰ ਜਦੋਂ ਵਜ਼ੀਰ ਦਾਤਾ।
ਕੱਠਾ ਜਿਵੇਂ ਕੰਡੇਰਨਾ ਹੋ ਜਾਂਦਾ, ਜਦ ਵੱਜੇ ਕਲੇਜੇ ਤੀਰ ਦਾਤਾ।
ਹਰਚੰਦ ਸਿੰਘਾ ਸਾਨੂੰ ਤੇ ਜਾਪਦਾ ਸੀ, ਉਹ ਮੁੜ ਨਹੀਂ ਧਰਦਾ ਧੀਰ ਦਾਤਾ॥

911 ਸਾਡੇ ਨਾਲ ਸੀ ਚੰਗਾ ਸਲੂਕ ਕੀਤਾ, ਰਹਿਣ ਵਾਸਤੇ ਸੁਹਣਾ ਸਥਾਨ ਦਿੱਤਾ।
ਕਿਸੇ ਚੀਜ਼ ਦੀ ਰਹੀ ਨਾ ਥੁੜ ਸਾਨੂੰ, ਖਾਣ-ਪੀਣ ਦਾ ਸਭ ਸਮਾਨ ਦਿੱਤਾ।
ਪ੍ਰਸ਼ਾਦੇ ਆਪਣੇ ਅਸੀਂ ਬਣਾਵਦੇ ਸੀ, ਮਨ ਚਾਹਿਆ ਸਾਨੂੰ ਖਾਣ ਦਿੱਤਾ।
ਮਿਲਣਾ ਆਪ ਨੂੰ ਬੜਾ ਹੀ ਲੋਚਦਾ ਏ, ਜਫ਼ਰਨਾਮੇ ਨੇ ਕਰ ਭੈ-ਮਾਨ ਦਿੱਤਾ॥

912 ਗੱਲਾਂ ਉਸਨੇ ਬਹੁਤ ਹੀ ਪੁੱਛੀਆਂ ਨੇ, ਸਾਨੂੰ ਆਪਣੇ ਕੋਲ ਬਹਾ ਕੇ ਜੀ।
ਤੇਰੇ ਦੀਨ ਤੇ ਕੀਤਾ ਵਿਸ਼ਵਾਸ ਸਤਿਗੁਰ, ਕੁਰਾਨ ਸ਼ਰੀਫ ਨੂੰ ਗਵਾਹ ਬਣਾ ਕੇ ਜੀ।
ਕਿਲੇ, ਕੋਟ ਤੇ ਛੱਡ ਅਨੰਦਪੁਰ ਨੂੰ, ਗੁਰੂ ਚੱਲੇ ਭਰੋਸਾ ਖਾ ਕੇ ਜੀ।
ਤੇਰੇ ਫੌਜੀਆਂ ਤੋੜ ਕੇ ਸਭ ਕਸਮਾਂ, ਹਮਲਾ ਕੀਤਾ ਪਿੱਛੋਂ ਦੀ ਆ ਕੇ ਜੀ॥

913 ਸਹਿਨਸ਼ਾਹ ਤੇਰੀ ਸੌਂਹ ਬਦਲੇ, ਸਤਿਗੁਰ ਆਪਣਾ ਸਭ ਕੁੱਝ ਵਾਰਿਆ ਏ।
ਚਾਰੇ ਪੁੱਤ ਸ਼ਹੀਦ ਕਰਵਾ ਦਿੱਤੇ, ਪਿਆਰੀ ਮਾਂ ਦਾ ਦੁੱਖ ਸਹਾਰਿਆ ਏ।
ਸੁੱਖ ਆਪਣੇ ਵਾਰ ਕੇ ਦੁੱਖ ਝੱਲੇ, ਕੁਰਾਨ ਸ਼ਰੀਫ਼ ਨੂੰ ਪਰ ਸਤਿਕਾਰਿਆ ਏ।
ਦੱਸ ਆਪ ਹੀ ਹੁਣ ਹਰਚੰਦ ਸਿੰਘਾ, ਕੌਣ ਜਿੱਤਿਆ ਤੇ ਕੌਣ ਹਾਰਿਆ ਏ॥

### ਔਰੰਗਜ਼ੇਬ

914 ਫ਼ੌਜਾਂ ਸਾਡੀਆਂ ਭਾਵੇਂ ਜਿੱਤ ਗਈਆਂ, ਪਰ ਅਸੀਂ ਤੇ ਤੋੜ ਇਕਰਾਰ ਗਏ।
ਕਾਹਦੀ ਜਿੱਤ ਜੇ ਹਾਰ ਈਮਾਨ ਜਾਏ, ਇਖਲਾਕੀ ਤੌਰ ਤੇ ਅਸੀਂ ਹਾਂ ਹਾਰ ਗਏ।
ਸਾਨੂੰ ਲੋਕਾਂ ਨੇ ਲਾਹਨਤਾਂ ਪਾਉਣੀਆਂ ਨੇ, ਦੋਈਂ ਜਹਾਨੀ ਹੋ ਖੁਆਰ ਗਏ।
ਮੇਰੇ ਹਾਕਮਾਂ ਕੀਤੀਆਂ ਮਨ ਆਈਆਂ, ਪਾ ਪਾਪਾਂ ਦੇ ਮੇਰੇ ਤੇ ਭਾਰ ਗਏ॥

915 ਗੋਬਿੰਦ ਸਿੰਘ ਆਏ ਤੇ ਭੁੱਲ ਬਖਸ਼ਾ ਲਵਾਂ, ਮੈਂ ਤੇ ਵੱਡਾ ਗੁਨਾਹਗਾਰ ਸਿੰਘੋ।
ਬਿਨਾਂ ਪਾਪਾਂ ਤੋਂ ਹੋਰ ਨਾ ਕੁੱਝ ਕੀਤਾ, ਵਾਹੀ ਲੋਕਾਂ ਤੇ ਬੜੀ ਤਲਵਾਰ ਸਿੰਘੋ।
ਚਾਰ ਹੱਥ ਹੈ ਥਾਂ ਨਸੀਬ ਹੋਣੀ, ਦੇਣਾ ਕਬਰ ਦੇ ਵਿੱਚ ਉਤਾਰ ਸਿੰਘੋ।
ਹਰਚੰਦ ਸਿੰਘਾ ਕਾਜ਼ੀ-ਮੁਲਾਣਿਆਂ ਨੇ, ਮੱਤ ਮੇਰੀ ਦਿੱਤੀ ਸੀ ਮਾਰ ਸਿੰਘੋ॥

### ਗੁਰੂ ਜੀ

916 ਨਸ਼ਾ ਰਾਜ ਦਾ ਜਦ ਵੀ ਚੜ੍ਹ ਜਾਏ, ਫਿਰ ਬੰਦੇ ਨੂੰ ਰਹੇ ਨਾ ਹੋਸ਼ ਭਾਈ।
ਪੈਰਾਂ ਹੇਠ ਲਤਾੜਦਾ ਮਾੜਿਆਂ ਨੂੰ, ਅਕਲ ਤਾਈਂ ਨਚਾਏ ਜੋਸ਼ ਭਾਈ।
ਉਸਦੀ ਵੀ ਜੋਸ਼ ਨੇ ਅਕਲ ਮਾਰੀ, ਮਾਰ ਘੱਤੇ ਬੜੇ ਨਿਰਦੋਸ਼ ਭਾਈ।
ਮਰਨ ਵੇਲੇ ਹੁਣ ਹਰਚੰਦ ਸਿੰਘਾ, ਰਿਹਾ ਆਪਣੇ ਆਪ ਨੂੰ ਕੋਸ ਭਾਈ॥

917 ਰਾਜ ਲਿਆ ਭਰਾਵਾਂ ਨੂੰ ਮਾਰ ਉਸਨੇ, ਉਸਦੇ ਪੁੱਤਾਂ ਵੀ ਜੰਗ ਮਚਾਵਣੇ ਨੇ।
ਤਖਤ ਲਈ ਲੜਾਈਆਂ ਕਰਨਗੇ ਉਹ, ਵਿੱਚ ਜੰਗ ਦੇ ਸਿਰ ਰੁਲਾਵਣੇ ਨੇ।
ਜਿੰਨੇ ਇਨ੍ਹਾਂ ਨਿਰਦੋਸ਼ ਨੇ ਮਾਰ ਦਿੱਤੇ, ਉਤਨੇ ਇਨ੍ਹਾਂ ਵੀ ਹੁਣ ਮਰਵਾਵਣੇ ਨੇ।
ਹਰਚੰਦ ਸਿੰਘਾ ਵੇਖਦਾ ਰੱਬ ਉਤੇ, ਉਸ ਆਪਸ ਦੇ ਵਿੱਚ ਲੜਾਵਣੇ ਨੇ॥

(ਬਾਕੀ ਅਗਲੇ ਅੰਕ ਵਿਚ)

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
Always stylish. Always beautiful.
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਲੜਕਾ, ਉਮਰ 29 ਸਾਲ, ਕੱਦ 5'8", ਨਸ਼ਿਆਂ ਤੋਂ ਰਹਿਤ, ਸ਼ਬੂ ਤੋਂ ਇਲੈਕਟ੍ਰੋਨਿਕ ਇੰਜਨੀਅਰ ਦੀ ਡਿਗਰੀ ਪਾਪਤ, ਅਮਰੀਕਾ ਵਿਚ ਇੰਟਰਨੈਸ਼ਨਲ ਕੰਪਨੀ ਵਿਚ ਆਪਣੇ ਫੀਲਡ ਵਿਚ ਕੰਮ ਕਰ ਰਹੇ ਲੜਕੇ ਲਈ ਸੋਹਣੀ-ਸੁਨੱਖੀ, ਬਰਾਬਰ ਯੋਗਤਾ ਵਾਲੀ ਲੜਕੀ ਦੀ ਲੋੜ ਹੈ। ਸੰਪਰਕ: 778-564-1556

feb 12

✦✦✦✦✦✦✦✦✦✦✦✦✦✦

ਕੈਨੇਡੀਅਨ ਪੀ.ਆਰ. ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'10" ਵਾਸਤੇ ਪੰਜਾਬ ਤੋਂ ਜੱਟ ਸਿੱਖ ਲੜਕੀ ਦੀ ਲੋੜ ਹੈ। ਸਿਰਫ ਉਹ ਹੀ ਸੰਪਰਕ ਕਰਨ ਜੋ ਇਸ ਲੜਕੇ ਦੇ ਇੰਡੀਆ ਰਹਿ ਰਹੇ ਭਰਾ, ਉਮਰ ੩੪ ਸਾਲ, ਵਾਸਤੇ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਦੇ ਹੋਣ। ਸੰਪਰਕ: ਕੈਨੇਡਾ ਮੋਬਾ. 604-782-9070, ਇੰਡੀਆ ਮੋਬਾ. 98788-39304

feb 26

✦✦✦✦✦✦✦✦✦✦✦✦✦✦

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 778-551-1800

feb 12

✦✦✦✦✦✦✦✦✦✦✦✦✦✦

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

✦✦✦✦✦✦✦✦✦✦✦✦✦✦

## MATRIMONIALS

## EMPLOYMENTS

### ਹਾਊਸ ਕੀਪਰ ਦੀ ਲੋੜ

ਵੈਸਟ ਵੈਨਕੂਵਰ ਦੇ ਇਕ ਪੰਜਾਬੀ ਪਰਿਵਾਰ ਨੂੰ ਘਰ ਦੇ ਕੰਮਕਾਜ, ਕਲੀਨਿੰਗ ਆਦਿ ਲਈ ਇਕ ਫੁੱਲ ਟਾਈਮ ਹਾਊਸ ਕੀਪਰ ਦੀ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਲਈ ਪ੍ਰਾਈਵੇਟ ਸੁਈਟ ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604.926.2149

✦✦✦✦✦✦✦✦✦✦✦✦✦✦

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਵੈਨਕੂਅਰ 'ਚ ਰਹਿੰਦੇ ਜੱਟ ਸਿੱਖ ਲੜਕੇ, ਉਮਰ 30 ਸਾਲ, ਕੱਦ 5'11" ਇੰਜੀਨੀਅਰ, ਦੋਵੇ ਮਾਪੇ ਟੀਚਰ ਰਿਟਾਇਰਡ, ਲਈ ਸਟੱਡੀ ਬੇਸ ਜਾਂ ਵਰਕ ਪਰਮਿਟ 'ਤੇ ਆਈ ਸੋਹਣੀ ਲੰਮੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਖੰਨਾ, ਸਮਰਾਲਾ ਏਰੀਏ ਤੋਂ ਹੈ। ਮੈਰਿਜ ਬਿਊਰੋ ਵਾਲੇ ਦੂਰ ਰਹਿਣ। ਸੰਪਰਕ:778-636-4622, 011-91-94637-48264

✦✦✦✦✦✦✦✦✦✦✦✦✦✦

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 22

### ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ 1 ਫਰਵਰੀ ਤੋਂ ਕਿਰਾਏ ਲਈ ਉਪਲਬਧ ਹੈ ।ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ ।ਕੋਈ ਪਾਲਤੂ ਜਾਨਵਰ ਨਹੀਂ।ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

✦✦✦✦✦✦✦✦✦✦✦✦✦✦

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ ਇਕਲੌਤਾ ਲੜਕਾ, ਉਮਰ 24 ਸਾਲ, ਕੱਦ 6'3", ਵਧੀਆ ਯੂਨੀਅਨ ਜੌਬ, ਲੁਧਿਆਣਾ ਸ਼ਹਿਰ ਦੇ ਪਿਛੋਕੜ ਵਾਲਾ ਵਧੀਆ ਪਰਿਵਾਰ, ਲਈ, ਕੈਨੇਡੀਅਨ ਸਿਟੀਜ਼ਨ / ਪੀ.ਆਰ. ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੀ ਦਾ ਕੱਦ ਘੱਟੋਂ ਘੱਟ 5'5" ਹੋਵੇ। ਸੰਪਰਕ: 604-308-8138

✦✦✦✦✦✦✦✦✦✦✦✦✦✦

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

✦✦✦✦✦✦✦✦✦✦✦✦✦✦

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

BOOK YOUR CLASSIFIED IN

ਪੰਜਾਬ ਲਿੰਕ

PUNJABI WEEKLY NEWSPAPER

BUY 4 ADS GET 1 AD FREE

ads@thelinkpaper.ca

# ਰਾਜਸੀ ਪਾਰਟੀਆਂ ਦਾ ਡਿੱਗ ਰਿਹਾ ਮਿਆਰ !



**ਦਵਿੰਦਰ ਸਿੰਘ ਆਹਲੂਵਾਲੀਆ**
**8283825094**

ਅਸੀਂ ਹਰ ਹੀਲੇ ਤਾਕਤ ਵਿਚ ਆਵਾਂਗੇ ਵਰਗੇ ਮਨਸੂਬੇ ਘੜਕੇ ਰਾਜਸੀ ਪਾਰਟੀਆਂ ਵਿਚ ਜਿਸ ਤਰ੍ਹਾਂ ਵੋਟਰਾਂ ਨੂੰ ਭਰਮਾਉਣ ਦੀ ਹੋੜ ਲੱਗੀ ਹੋਈ ਹੈ। ਉਹ ਹਰੇਕ ਚੇਤੰਨ ਅਤੇ ਦੇਸ਼ ਪੱਖੀ ਸੋਚ ਰੱਖਣ ਵਾਲੇ ਨੂੰ ਬਹੁਤ ਬੁਰੀ ਤਰ੍ਹਾਂ ਡਰਾ ਰਹੀ ਹੈ। ਵੱਖ-ਵੱਖ ਤਰ੍ਹਾਂ ਦੇ ਲੁਭਾਵਣੇ ਲਾਰੇ ਲਾ ਕੇ ਵੋਟਰਾਂ ਦੇ ਜ਼ਮੀਰ ਨੂੰ ਹੀ ਡੰਗਿਆ ਜਾ ਰਿਹਾ ਹੈ। ਹਰੇਕ ਸਿਆਸੀ ਪਾਰਟੀ ਵੱਲੋਂ ਇਹ ਸਥਿਰ ਨੀਤੀ ਨਾ ਅਪਣਾਕੇ ਮੌਕਾਪ੍ਰਸਤ ਨੀਤੀਆਂ ਘੜਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਸਭ ਤੋਂ ਵੱਧ ਲੋਕ ਆਸ਼ਾਵਾਂ ਦਾ ਨੁਕਸਾਨ ਪੈਰਾਸ਼ੂਟੀ ਉਮੀਦਵਾਰਾਂ ਵੱਲੋਂ ਕੀਤਾ ਜਾ ਰਿਹਾ ਹੈ। ਇਹ ਕਿਸੇ ਇਕ ਪਾਰਟੀ ਵੱਲੋਂ ਹੀ ਨਹੀਂ ਬਲਕਿ ਕਾਂਗਰਸ, ਆਪ, ਅਕਾਲੀ ਦਲ, ਭਾਜਪਾ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਰਾਸ਼ਟਰੀ ਲੋਕ ਦਲ ਆਦਿ ਸਾਰਿਆਂ ਵੱਲੋਂ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਪੰਜਾਬ ਵਿਚ ਨਸ਼ੇ ਦੇ ਵਗਦੇ ਦਰਿਆ ਨੂੰ ਠੱਲ ਪਾਉਮ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਪੰਜਾਬ ਵਿਚ ਪ੍ਰਮੁੱਖ ਧਿਰ ਬਣਕੇ ਉਭਰੀ ਆਪ ਦਾ ਪੰਜਾਬ ਤੋਂ ਬਾਹਰ ਦਿੱਲੀ ਵਿਚਲਾ ਨਸ਼ੇ ਦਾ ਕਾਰੋਬਾਰ ਦੇਖ ਕੇ ਮਨ ਦੁਖੀ ਹੁੰਦਾ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਦਿੱਲੀ ਸਰਕਾਰ ਵੱਲੋਂ ਦਿੱਲੀ ਪ੍ਰਦੇਸ਼ ਦੇ ਲੋਕਾਂ ਦੀ ਚੰਗੀ ਸਿਹਤ ਅਤੇ ਮਿਆਰੀ ਸਿੱਖਿਆ ਲਈ ਸਾਲਾਨਾ ਬਜਟ ਦਾ ਬਹੁਤ ਵੱਡਾ ਹਿੱਸਾ ਖਰਚ ਕੀਤਾ ਜਾਂਦਾ ਹੈ ਪਰ ਪੈਸਾ ਪ੍ਰਾਪਤ ਕਰਨ ਲਈ ਜੋ ਤਰੀਕਾ ਅਪਣਾਇਆ ਜਾ ਰਿਹਾ ਹੈ। ਉਹ ਤਰਕ ਸੰਗਤ ਨਹੀਂ ਹੈ। ਦਿੱਲੀ ਵਿਚ ਕਰੀਬ 850 ਸ਼ਰਾਬ ਦੇ ਠੇਕੇ ਹਨ ਜਿਨ੍ਹਾਂ ਦੀ ਗਿਣਤੀ ਪਹਿਲਾਂ ਪੰਜ ਸੌ ਦੇ ਕਰੀਬ ਸੀ। ਆਪ ਦੀ ਸਰਕਾਰ ਬਣਨ ਤੋਂ ਪਹਿਲਾਂ ਦਿੱਲੀ ਖੇਤਰ ਵਿਚ 47 ਡਰਾਈ ਡੇ ਹੁੰਦੇ ਸਨ। ਇਹ ਘਟਾ ਕੇ 21 ਦਿਨ ਕਰ ਦਿੱਤੇ ਗਏ ਪਰ ਸਿਤਮਯਰੀਨੀ ਇਹ ਕਿ ਹੁਣ ਕੇਵਲ ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਅਤੇ ਗਾਂਧੀ ਜੈਅੰਤੀ ਤੇ ਹੀ ਠੇਕੇ ਬੰਦ ਰਹਿਣਗੇ। ਆਮ ਲੋਕਾਂ ਦੀ ਸਹੂਲਤ ਲਈ ਹੁਣ ਇਹ ਠੇਕੇ ਰਾਤ 11 ਵਜੇ ਦੀ ਬਜਾਏ 3 ਵਜੇ ਰਾਤ ਤੱਕ ਖੁੱਲ੍ਹੇ ਰਹਿਣਗੇ। ਕੀ ਪ੍ਰਦੇਸ਼ ਦਾ ਵਿਕਾਸ ਕੇਵਲ ਸ਼ਰਾਬ ਦੀ ਵਿਕਰੀ ਤੋਂ ਹੀ ਹੋਵੇਗਾ। ਪੰਜਾਬ ਵੀ ਇਸ ਸਿਲਸਿਲੇ ਵਿਚ ਪਿੱਛੇ ਨਹੀਂ ਹੈ। ਪਿਛਲੇ ਇਕ ਦਹਾਕੇ ਵਿਚ ਪਹਿਲਾਂ ਅਕਾਲੀ ਅਤੇ ਫਿਰ ਕਾਂਗਰਸ ਸਰਕਾਰ ਵੇਲੇ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿਚ ਵੱਡਾ ਉਛਾਲ ਆਇਆ ਅਤੇ 5632 ਠੇਕਿਆਂ ਤੋਂ ਵੱਧ ਕੇ ਇਹ ਗਿਣਤੀ 12000 ਠੇਕਿਆਂ ਨੂੰ ਜਾ ਪੁੱਜੀ। ਜਿੱਥੇ ਦਿੱਲੀ ਸਰਕਾਰ ਮਿਆਰੀ ਸਿੱਖਿਆ ਦੇਣ ਵਿਚ ਅੱਗੇ ਰਹੀ ਉੱਥੇ ਪੰਜਾਬ ਦੇ 13032 ਦੇ ਕਰੀਬ ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕ ਅਤੇ ਹੋਰ ਮੁੱਢਲੀਆਂ ਸਹੂਲਤਾਂ ਦੀ ਘਾਟ ਕਾਰਨ ਸਿੱਖਿਆ ਦਾ ਪੱਧਰ ਨਿਵਾਣ ਵੱਲ ਗਿਆ। ਇਹ ਕਿਸੇ ਵੀ ਤਰ੍ਹਾਂ ਪੰਜਾਬ ਦੇ ਚੰਗੇ ਭਵਿੱਖ ਦੀ ਹਾਮੀ ਨਹੀਂ ਭਰਦਾ। ਸੁਤੰਤਰਤਾ ਦੇ 75 ਸਾਲ ਬਾਅਦ ਵੀ ਭਾਰਤੀ ਨਾਗਰਿਕਾਂ ਨੂੰ ਮੁੱਢਲੀਆਂ ਸਹੂਲਤਾਂ ਚੰਗੀਆਂ ਸਿਹਤ ਸਹੂਲਤਾਂ, ਮਿਆਰੀ ਸਿੱਖਿਆ ਦੇ ਨਾਲ ਕੁੱਲੀ, ਗੁੱਲੀ ਅਤੇ ਜੁੱਲੀ ਤੋਂ ਵਿਰਵਾ ਰਹਿਣਾ ਪੈ ਰਿਹਾ ਹੈ। ਇਸ ਲਈ ਕੇਵਲ ਸਰਕਾਰਾਂ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਬਲਕਿ ਅਸੀਂ ਖੁਦ ਇਸ ਤ੍ਰਾਸਦੀ ਲਈ ਵੱਡੇ ਜ਼ਿੰਮੇਵਾਰ ਹਾਂ। ਹਰ ਪੰਜੀ ਸਾਲੀਂ ਹੋਣ ਵਾਲੀਆਂ ਚੋਣਾਂ ਮੌਕੇ ਅਸੀਂ ਸਰਬ-ਸਾਂਝੇ ਮੁੱਦੇ ਛੱਡ ਕੇ ਨਿੱਜੀ ਹਿੱਤਾਂ ਅਤੇ ਵਫ਼ਾਦਾਰੀਆਂ ਨੂੰ ਪਹਿਲ ਦਿੰਦੇ ਹੋਏ ਦੇਸ਼ ਪ੍ਰਤੀ ਆਪਣੀਆਂ ਵਫ਼ਾਦਾਰਆਂ ਨੂੰ ਦਰ-ਕਿਨਾਰ ਕਰ ਬੈਠਦੇ ਹਾਂ। ਵਿਕਾਸ ਦੇ ਨਾਮ ਉੱਪਰ ਗਲੀਆਂ ਨਾਲੀਆਂ ਨੂੰ ਪੱਕੇ ਕਰਕੇ ਵਿਕਾਸ ਦਾ ਨਾਂਅ ਦਿੱਤਾ ਜਾ ਰਿਹਾ ਹੈ। ਅਧਿਕਾਰਾਂ ਅਤੇ ਧਰਮ ਨਿਰਪੱਖਤਾ ਦੀ ਗੱਲ ਕਰਨ ਵਾਲਿਆਂ ਨੂੰ ਦਬਾਇਆ ਜਾ ਰਿਹਾ ਹੈ। ਹੁਣ ਫਿਰ ਸਮਾਂ ਆ ਗਿਆ ਹੈ ਕਿ ਬੈਠ ਕੇ ਸੋਚ ਵਿਚਾਰ ਕਰੀਏ ਕਿ ਆਉਣ ਵਾਲੇ ਸਮੇਂ ਨੂੰ ਕਿਰਤੀਆਂ ਦੇ ਸਾਜਗਾਰ ਬਣਾਉਣ ਲਈ ਕੀ ਕੀਤਾ ਜਾ ਸਕਦਾ ਹੈ। ਆਪਣੇ ਰੋਹ ਨੂੰ ਪ੍ਰਚੰਡ ਕਰਨ ਲਈ ਜਥੇਬੰਦਕ ਸ਼ਕਤੀ ਨਾਲੋਂ ਖੁਦ ਵਿਚ ਵਿਦਰੋਹ ਦੀ ਭਾਵਨਾ ਭਰਨੀ ਜ਼ਿਆਦਾ ਮਹੱਤਵ ਰੱਖਦੀ ਹੈ। ਇਸ ਲਈ ਆਓ ਆਪਣੇ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸਾਡੇ ਦਰਾਂ ਤੇਵੋਟ ਮੰਗਣ ਆਉਣ ਵਾਲੇ ਅਤੇ ਨਵੇਂ ਬਨਣ ਵਾਲੇ ਨੀਤੀ ਘਾੜਿਆਂ ਨਾਲ ਸੰਵਾਦ ਕਰੀਏ ਕਿ ਉਹ ਸਹੀ ਮਾਅਨਿਆਂ ਦੇ ਵਿਕਾਸ ਅਤੇ ਅਨੇਕਾਂ ਸੂਰਬੀਰਾਂ ਦੀ ਸ਼ਹਾਦਤ ਤੋਂ ਬਾਅਦ ਆਜ਼ਾਦ ਹੋਏ ਦੇਸ਼ ਵਿਚ ਸਹੀ ਮਾਅਨਿਆਂ ਵਿਚ ਕਿਰਤੀਆਂ ਅਤੇ ਇਨਸਾਫ਼ ਪਸੰਦ ਰਾਜ ਦੀ ਸਥਾਪਨਾ ਲਈ ਕੀ ਕਰਨਗੇ ? ਜੇਕਰ ਅਸੀਂ ਅਜਿਹਾ ਨਾ ਕਰ ਸਕੇ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਸਾਨੂੰ ਮੁਆਫ਼ ਨਹੀਂ ਕਰਨਗੀਆਂ। ਉਹ ਜ਼ੋਰ-ਸ਼ੋਰ ਨਾਲ ਕਹਿਣਗੇ ਕਿ ਸਾਡੇ ਪੁਰਖਿਆਂ ਨੇ ਜਦ ਸਾਡੇ ਹੱਕਾਂ ਦਾ ਘਾਣ ਹੋ ਰਿਹਾ ਸੀ ਕੋਈ ਵਿਦਰੋਹੀ ਸੁਰ ਨਾ ਅਪਣਾਕੇ ਸਾਡਾ ਜੀਵਨ ਵੀ ਆਪਣੇ ਵਾਂਗ ਦੁਸ਼ਵਾਰ ਕਰ ਦਿੱਤਾ।

**ਦਿੱਲੀ ਵਿਚ ਕਰੀਬ 850 ਸ਼ਰਾਬ ਦੇ ਠੇਕੇ ਹਨ ਜਿਨ੍ਹਾਂ ਦੀ ਗਿਣਤੀ ਪਹਿਲਾਂ ਪੰਜ ਸੌ ਦੇ ਕਰੀਬ ਸੀ। ਆਪ ਦੀ ਸਰਕਾਰ ਬਣਨ ਤੋਂ ਪਹਿਲਾਂ ਦਿੱਲੀ ਖੇਤਰ ਵਿਚ 47 ਡਰਾਈ ਡੇ ਹੁੰਦੇ ਸਨ। ਇਹ ਘਟਾ ਕੇ 21 ਦਿਨ ਕਰ ਦਿੱਤੇ ਗਏ ਪਰ ਸਿਤਮਯਰੀਨੀ ਇਹ ਕਿ ਹੁਣ ਕੇਵਲ ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਅਤੇ ਗਾਂਧੀ ਜੈਅੰਤੀ ਤੇ ਹੀ ਠੇਕੇ ਬੰਦ ਰਹਿਣਗੇ। ਆਮ ਲੋਕਾਂ ਦੀ ਸਹੂਲਤ ਲਈ ਹੁਣ ਇਹ ਠੇਕੇ ਰਾਤ 11 ਵਜੇ ਦੀ ਬਜਾਏ 3 ਵਜੇ ਰਾਤ ਤੱਕ ਖੁੱਲ੍ਹੇ ਰਹਿਣਗੇ। ਕੀ ਪ੍ਰਦੇਸ਼ ਦਾ ਵਿਕਾਸ ਕੇਵਲ ਸ਼ਰਾਬ ਦੀ ਵਿਕਰੀ ਤੋਂ ਹੀ ਹੋਵੇਗਾ।**

NORTHCOAST LUMBER 1

CALL THE TRUE CONTRACTORS YARD TODAY
604-597-8884

- *5 Acres of Lumber
- *Landscape Materials
- *Treated Lumber
- *Plywood/OSB
- *Versalam/BCI Joist
- *Full Hardware Store
- *12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਹੜਤਾਲਾਂ ਦੀਆਂ ਸਮੱਸਿਆ ਤੇ ਸਮਾਧਾਨ



ਹਰਕੀਰਤ ਕੌਰ
9779118066

ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ। ਲੋਕਤੰਤਰ ਇੱਕ ਅਜਿਹੀ ਵਿਵਸਥਾ ਜਿਸ ਵਿੱਚ ਲੋਕਾਂ ਦੁਆਰਾ ਅਤੇ ਲੋਕਾਂ ਲਈ ਚੁਣੀ ਗਈ ਸਰਕਾਰ ਦੇਸ਼ ਦੀ ਵਾਗਡੋਰ ਸੰਭਾਲਦੀ ਹੈ। ਇਹ ਰਾਜਨੀਤੀ ਦਾ ਇੱਕ ਅਜਿਹਾ ਰੂਪ ਹੈ ਜਿਸ ਵਿੱਚ ਲੋਕਾਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ । ਪਿਛਲੇ ਇੱਕ ਨਿਰੀਖਣ ਦੇ ਅਨੁਸਾਰ 834 ਮਿਲੀਅਨ ਵੋਟਰਾਂ ਨਾਲ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ। ਏਸ਼ੀਆ ਦਾ ਚੌਥਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਵੀ ਭਾਰਤ ਹੀ ਹੈ । ਜਦੋਂ ਭਾਰਤ ਅਜ਼ਾਦ ਹੋਇਆ ਤਾਂ ਧਰਨੇ ਲਾਕੇ, ਡਾਂਗਾ ਸੋਟੇ ਤੇ ਅੱਤਿਆਚਾਰ ਸਹਿੰਦੇ ਹੋਏ ਲੋਕਾਂ ਨੇ ਦੇਸ਼ ਨੂੰ ਅਜ਼ਾਦ ਕਰਵਾਇਆ। ਸਾਡੇ ਅਜ਼ਾਦੀ ਘੁਲਾਟੀਆਂ ਨੇ ਸ਼ੁਕਰ ਮਨਾਇਆ ਸੀ ਕਿ ਚਲੋ ਕਿਸੇ ਜੱਦੋ ਜਹਿਦ ਮਗਰੋਂ ਹੀ ਸਹੀਂ ਆਖਰਕਾਰ ਹੁਣ ਅਸੀਂ ਅਜ਼ਾਦ ਦੇਸ਼ ਦੇ ਵਾਸੀ ਕਹਿਲਾਵਾਂਗੇ, ਸਾਨੂੰ ਅਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਆਪਣੇ ਹੱਕਾਂ ਲਈ ਸੜਕਾਂ ਤੇ ਧੱਕੇ ਨਹੀਂ ਖਾਣੇ ਪੈਣਗੇ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਗਰਵ ਨਾਲ ਸਿਰ ਉੱਚਾ ਕਰਕੇ ਜਿਉ ਸਕਣਗੀਆਂ। ਦੇਸ਼ ਦੇ ਸ਼ਾਸਕਾਂ ਉੱਪਰ ਵੀ ਯਕੀਨ ਸੀ ਕਿ ਉਹ ਹਮੇਸ਼ਾ ਲੋਕਾਂ ਦੇ ਹਿੱਤਾਂ ਲਈ ਯਤਨਸ਼ੀਲ ਰਹਿਣਗੇ ਅਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸ਼ਹਾਦਤਾਂ ਵਾਲਿਆਂ ਦੇ ਅੰਸ਼ ਵੰਸ਼ ਅਰਾਮ ਨਾਲ ਜਿੰਦਗੀ ਬਸਰ ਕਰ ਸਕਣਗੇ। ਪਰ ਜੇਕਰ ਅੱਜ ਦੇ ਹਲਾਤਾਂ ਵੱਲ ਝਾਤ ਮਾਰੀਏ ਤਾਂ ਸਾਡਾ ਦੇਸ਼ ਲੋਕਤੰਤਰੀ ਦੇਸ਼ ਘੱਟ ਤੇ ਤਾਨਾਸ਼ਾਹੀ ਰਾਜ ਜਿਆਦਾ ਲੱਗਦਾ ਹੈ। ਇਹ ਤਾਂ ਭੁੱਲ ਹੀ ਜਾ? ਕਿ ਭਾਰਤ ਵਿੱਚ ਕਿਸੇ ਵੀ ਵਰਗ ਜਾਂ ਖੇਤਰ ਦੀਆਂ ਮੰਗਾਂ ਮੰਗ ਪੱਤਰ ਸੋਂਪ ਕੇ ਪੂਰੀਆਂ ਹੋ ਸਕਦੀਆਂ ਹਨ । ਹਰ ਵਰਗ ਦੇ ਅਧਿਕਾਰੀਆਂ ਨੂੰ ਸੜਕ ਉੱਤੇ ਧਰਨੇ ਲਾਏ ਬਿਨਾਂ, ਟੈਂਕੀਆਂ ਤੇ ਚੜ੍ਹੇ ਬਿਨਾਂ, ਡਾਂਗਾ ਸੋਟੀਆਂ ਦੀ ਮਾਰ ਝੱਲੇ ਬਿਨਾਂ, ਪਾਣੀ ਦੀਆਂ ਬੁਛਾੜਾਂ ਸਹੇ ਬਿਨਾਂ ਮੰਤਰੀਆਂ ਸਾਹਮਣੇ ਪੇਸ਼ ਨਹੀਂ ਕੀਤਾ ਜਾਂਦਾ। ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀ ਅਧਿਆਪਕਾਂ ਤੋਂ ਬਿਨਾਂ ਸਕੂਲਾਂ ਵਿੱਚ ਸਮਾਂ ਬਤੀਤ ਕਰਕੇ ਆ ਜਾਂਦੇ ਹਨ, ਕਿਉਂਕਿ ਉਹਨਾਂ ਦੇ ਅਧਿਆਪਕ ਧਰਨਿਆਂ ਉੱਤੇ ਬੈਠੇ ਹੁੰਦੇ ਹਨ। ਇੱਕ ਦਿਨ ਸਰਕਾਰੀ ਹਸਪਤਾਲ ਗਈ ਤਾਂ ਲੋਕਾਂ ਨੂੰ ਦਰਦਾਂ ਨਾਲ ਤੜਫਦੇ ਵੇਖ ਮੈਂ ਇੱਕ ਅਧਿਕਾਰੀ ਨੂੰ ਪੁੱਛਿਆ ਕਿ ਡਾਕਟਰ ਕਿੱਥੇ ਨੇ, ਮਰੀਜ਼ ਕਿਵੇਂ ਕੁਰਲਾ ਰਹੇ ਹਨ! ਜਵਾਬ ਮਿਲਿਆ ਕਿ ਅੱਜ ਡਾਕਟਰ ਸਾਬ ਨਹੀਂ ਆਉਣਗੇ, ਡਾਕਟਰਾਂ ਦੀ ਹੜਤਾਲ ਚੱਲਦੀ ਹੈ। ਕਿਸਾਨੀ ਧਰਨਿਆਂ ਬਾਰੇ ਕਿਸ ਨੂੰ ਨਹੀਂ ਪਤਾ। ਖੇਤੀਬਾੜੀ, ਸਿਹਤ ਤੇ ਸਿੱਖਿਆ ਤਿੰਨ ਮੁੱਖ ਖੇਤਰ ਤਿੰਨੇ ਹੀ ਆਪਣੇ ਹੱਕਾਂ ਲਈ ਸੜਕਾਂ ਉੱਤੇ ਰੁਲਦੇ ਫਿਰਦੇ ਹਨ। ਇਹ ਸਾਡੇ ਦੇਸ਼ ਲਈ ਬਹੁਤ ਮੰਦਭਾਗੀ ਘਟਨਾ ਹੈ ਕਿ ਦੇਸ਼ ਦਾ ਪੜਿਆ ਲਿਖਿਆ ਵਰਗ ਡਾਕਟਰ, ਅਧਿਆਪਕ, ਵਕੀਲ ਆਦਿ ਸਾਰੇ ਹੀ ਉੱਚ ਕੋਟੀ ਦੀ ਸਿੱਖਿਆ ਹਾਸਿਲ ਕਰਕੇ ਆਪਣੇ ਹੀ ਹੱਕਾਂ ਲਈ ਧਰਨੇ ਲਾ ਰਹੇ ਹਨ। ਅਸੀਂ ਕਹਿੰਦੇ ਹਾਂ ਕਿ ਸਾਡੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਕਿਉਂ ਭੱਜ ਰਹੀ ਹੈ, ਇੱਕ ਦਿਨ ਪੜਾਉਂਦੇ ਹੋਏ ਵਿਦਿਆਰਥੀਆਂ ਨੂੰ ਪੁੱਛਿਆ ਕਿ ਬਾਰਵੀਂ ਤੋਂ ਬਾਅਦ ਕੀ ਕਰਨਾ ਹੈ ਤਾਂ ਬਹੁਤਾਤ ਵਿਦਿਆਰਥੀਆਂ ਦਾ ਜਵਾਬ ਸੀ ।।।" ਜੀ ਆਈਲੈਟਸ !ਮੇਰਾ ਜਵਾਬ ਸੀ ਭਾਰਤ ਵਿੱਚ ਕਿਉਂ ਨਹੀਂ ? ਜਵਾਬ ਮਿਲਿਆ ਏਥੇ ਰਹਿ ਕੇ ਜੇਕਰ ਪੜ੍ਹ ਲਿਖ ਵੀ ਗਏ ਤਾਂ ਸੋਟੇ ਹੀ ਖਾਣੇ ਪੈਣਗੇ , ਧਰਨੇ ਹੀ ਲਾਉਣੇ ਪੈਣਗੇ। ਬੱਚਿਆਂ ਦਾ ਜਵਾਬ ਸੁਣ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਇਸ ਚਰਚਾ ਤੋਂ ਬਾਅਦ ਮੈਂ ਹੜਤਾਲਾਂ ਦਾ ਆਮ ਜਨਜੀਵਨ ਉੱਤੇ ਪੈਣ ਵਾਲੇ ਪ੍ਰਭਾਵ ਤੇ ਉਸਦੇ ਕੁਝ ਸਮਾਧਾਨ ਬਾਰੇ ਸੰਖੇਪ ਵਿੱਚ ਵਿਚਾਰ ਕਰਨਾ ਚਾਹਾਂਗੀ। ਇਸ ਵਿੱਚ ਕੋਈ ਦੋਰਾਇ ਨਹੀਂ ਕਿ ਜੇਕਰ ਧਰਨੇ ਬਜ਼ਾਰ ਵਿੱਚ ਲੱਗੇ ਹੋਣਗੇ ਤਾਂ ਆਸ ਪਾਸ ਦੇ




ਦੁਕਾਨਦਾਰਾਂ ਨੂੰ ਚੋਖਾ ਘਾਟਾ ਖਾਣਾ ਪੈਂਦਾ ਹੈ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਬਜ਼ਾਰ ਵਿੱਚ ਜਿਆਦਾਤਰ ਦੁਕਾਨਦਾਰਾਂ ਨੇ ਵੱਡੀ ਰਕਮ ਉੱਤੇ ਦੁਕਾਨਾਂ ਕਿਰਾਏ ਉੱਤੇ ਖਰੀਦੀਆਂ ਹੁੰਦੀਆਂ ਹਨ। ਜੇਕਰ ਉਹਨਾਂ ਵਿਚੋਂ ਕਿਸੇ ਦੀ ਇੱਕ ਦਿਨ ਵੀ ਦੁਕਾਨ ਬੰਦ ਰਹਿੰਦੀ ਹੈ ਤਾਂ ਉਹਨਾਂ ਨੂੰ ਵੱਡਾ ਘਾਟਾ ਪੈਂਦਾ ਹੈ। ਇਸ ਤੋਂ ਇਲਾਵਾ ਦੂਰੋਂ ਨੇੜਿ? ਆਉਣ ਵਾਲੇ ਰਾਹਗੀਰਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਕਿਸੇ ਵਿਦਿਆਰਥੀ ਦਾ ਇਮਤਿਹਾਨ ਹੋ ਸਕਦਾ, ਕਿਸੇ ਦੀ ਨੌਕਰੀ ਲਈ ਇੰਟਰਵਿਊ ਹੋ ਸਕਦੀ ਹੈ, ਕੋਈ ਜਿਆਦਾ ਬਿਮਾਰ ਹੋ ਸਕਦਾ ਹੈ, ਕਿਸੇ ਨੇ ਕਿਸੇ ਖਾਸ ਸਮਾਗਮ ਵਿੱਚ ਸ਼ਿਰਕਤ ਕਰਨੀ ਹੋ ਸਕਦੀ ਹੈ ਕਹਿਣ ਤੋਂ ਭਾਵ ਬਹੁਤ ਵੱਡੇ ਪੱਧਰ ਉੱਤੇ ਆਮ ਲੋਕ ਖੱਜਲ ਖੁਆਰ ਹੁੰਦੇ ਹਨ। ਇੱਥੇ ਇੱਕ ਗੱਲ ਹੋਰ ਵੀ ਜ਼ਿਕਰਯੋਗ ਹੈ ਕਿ ਭਾਰਤੀ ਜੋ ਖਾਸ ਕਰ ਅੱਜ ਪੱਛਮੀ ਸੱਭਿਅਤਾ ਤੋਂ ਪ੍ਰਭਾਵਿਤ ਹੋ ਰਹੇ ਹਨ, ਪਹਿਰਾਵੇ, ਖਾਣੇ, ਬੋਲੀ, ਰਹਿਣ ਸਹਿਣ ਦੇ ਤੌਰ ਤਰੀਕੇ ਉੱਪਰ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਕਬੂਲਿਆ ਗਿਆ ਹੈ। ਪਰ ਜਦੋਂ ਗੱਲ ਅਨੁਸ਼ਾਸਨ ਦੀ ਆਉਂਦੀ ਹੈ ਤਾਂ ਸ਼ਾਇਦ ਅਸੀਂ ਅੱਖਾ ਬੰਦ ਕਰ ਲੈਂਦੇ ਹਾਂ। ਇੱਥੇ ਦੁਨੀਆਂ ਦੇ ਤਾਕਤਵਰ ਦੇਸ਼ਾਂ ਵਿਚੋਂ ਇੱਕ ਦੇਸ਼ ਜਪਾਨ ਦੀ ਉਦਾਹਰਣ ਜਰੂਰ ਦੇਣਾ ਚਾਹਾਂਗੀ , ਉੱਥੇ ਇੱਕ ਯੋਜਨਾਬੱਧ ਤਰੀਕੇ ਨਾਲ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਹੈ, ਜਿਸਦਾ ਸਮਾਂ ਵੀ ਨਿਸ਼ਚਿਤ ਕੀਤਾ ਜਾਂਦਾ ਹੈ ਜੋ ਕਿ ਕੁਝ ਘੰਟੇ ਜਾਂ ਇੱਕ ਦਿਨ ਲਈ ਹੁੰਦਾ ਹੈ। ਲੋਕ ਕਾਲੀਆਂ ਪੱਟੀਆਂ ਬਾਹਵਾਂ ਤੇ ਬੰਨ੍ਹ, ਬੈਨਰ ਫੜ੍ਹ ਸ਼ਾਂਤਮਈ ਤਰੀਕੇ ਨਾਲ ਰੋਸ ਜ਼ਾਹਰ ਕਰਦੇ ਹਨ। ਪ੍ਰੰਤੂ ਫਰਵਰੀ 2016 ਨੂੰ ਭਾਰਤ ਦੇ ਸ਼ਹਿਰ ਰੋਹਤਕ ਵਿੱਚ ਹੋਏ ਜਾਟ ਅੰਦੋਲਨ ਨੂੰ ਕੋਈ ਨਹੀਂ ਭੁੱਲ ਸਕਦਾ, ਜਿਸ ਦੇ ਪਹਿਲੇ ਦਸ ਦਿਨ ਸ਼ਾਂਤਮਈ ਰਹੇ ਪਰ ਉਸਤੋਂ ਬਾਅਦ ਅਜਿਹਾ ਭਿਆਨਕ ਰੂਪ ਦੇਖਣ ਨੂੰ ਮਿਲਿਆ , ਕਿ ਇਸ ਅੰਦੋਲਨ ਵਿੱਚ ਨੌ ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ, ਜਾਟ ਸਮੁਦਾਇ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਕਾਲਜ ਹੋਸਟਲਾਂ ਵਿੱਚ ਜਾਕੇ ਬੇਵਜ੍ਹਾ ਗ੍ਰਿਫਤਾਰ ਕੀਤਾ ਗਿਆ ਅਤੇ ਮਾਰ ਕੁੱਟ ਕੀਤੀ ਗਈ।ਇਸ ਹਿੰਸਕ ਧਰਨੇ ਵਿੱਚ 30 ਲੋਕਾਂ ਦੀ ਜਾਨ ਗਈ। ਭਾਰਤ ਦੀ ਅਰਥ ਵਿਵਸਥਾ ਨੂੰ ਬਿਲੀਅਨ ਵਿੱਚ ਘਾਟਾ ਪਿਆ। ਕਿਸਾਨੀ ਮੋਰਚਾ ਇਹਨਾਂ ਧਰਨਿਆਂ ਦੀ ਇੱਕ ਤਾਜ਼ੀ ਉਦਾਹਰਣ ਹੈ ਜਿਸ ਵਿੱਚ 700 ਦੇ ਕਰੀਬ ਲੋਕਾਂ ਨੇ ਜਾਨਾਂ ਗਵਾਈਆਂ ਜੇਕਰ ਗੱਲ ਸਮਾਧਾਨ ਦੀ ਕੀਤੀ ਜਾਵੇ ਤਾਂ ਇਸ ਦਾ ਹੱਲ ਕਰਨ ਲਈ ਲੋਕਾਂ ਤੇ ਸਰਕਾਰਾਂ ਦੋਨਾ ਨੂੰ ਆਪਣੇ ਵਿੱਚ ਪਰਿਵਰਤਨ ਲਿਆਉਣ ਦੀ ਜਰੂਰਤ ਹੈ। ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਬਹੁਤ ਹੀ ਸੂਝਬੂਝ ਨਾਲ ਕਰਨਾ ਚਾਹੀਦਾ ਹੈ ਤਾਂ ਜੋ ਉਹਨਾਂ ਦੁਆਰਾ ਚੁਣੀ ਸਰਕਾਰ ਉਹਨਾਂ ਦੀ ਲੋੜਾਂ ਬਿਨਾਂ ਮੰਗਿਆ ਹੀ ਪੂਰੀਆਂ ਕਰ ਸਕੇ । ਇਸ ਤੋਂ ਇਲਾਵਾ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਜੇਕਰ ਉਹਨਾਂ ਉੱਪਰ ਭਰੋਸਾ ਕਰਕੇ ਲੋਕਾਂ ਨੇ ਉਹਨਾਂ ਨੂੰ ਰਾਜ ਕਰਨ ਦਾ ਮੌਕਾ ਦਿੱਤਾ ਹੈ ਤਾਂ ਉਹ ਲੋਕਾਂ ਦੀਆਂ ਉਮੀਦਾਂ ਉੱਪਰ ਖਰੇ ਉੱਤਰਨ। ਲੋਕਾਂ ਦੀਆਂ ਜਰੂਰੀ ਲੋੜਾਂ ਪੂਰੀਆਂ ਕੀਤੀਆਂ ਜਾਣ। ਇਸ ਗੱਲ ਨੂੰ ਜਹਿਨ ਵਿੱਚ ਰੱਖਿਆ ਜਾਵੇ ਕਿ ਭਾਰਤ ਲੋਕਤੰਤਰੀ ਦੇਸ਼ ਹੈ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨੀ ਉਹਨਾਂ ਦਾ ਪਹਿਲਾ ਫਰਜ਼ ਹੈ । ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਧਰਨੇ, ਹੜਤਾਲਾਂ ਦੇਸ਼ ਦੀ ਵਿਵਸਥਾ ਦਾ ਪੂਰੀ ਤਰ੍ਹਾਂ ਜਨਾਜ਼ਾ ਕੱਢਦੇ ਹਨ ।ਪੂਰੀ ਦੁਨੀਆਂ ਨੂੰ ਇਸ ਗੱਲ ਦਾ ਪ੍ਰਤੱਖ ਸਬੂਤ ਮਿਲ ਜਾਂਦਾ ਹੈ ਕਿ ਸਮੇਂ ਦੀ ਸਰਕਾਰ, ਦੇਸ਼ ਦੇ ਪ੍ਰਸ਼ਾਸਕ ਲੋਕਾਂ ਦੀਆਂ ਉਮੀਦਾਂ ਉੱਤੇ ਖਰੇ ਉੱਤਰਨ ਵਿੱਚ ਅਸਫ਼ਲ ਰਹੇ ਹਨ। ਇਸ ਦਾ ਸਬੂਤ ਕਿਸਾਨੀ ਅੰਦੋਲਨ ਦੇ ਚੱਲਦਿਆਂ ਮਿਲ ਹੀ ਗਿਆ ਸੀ,ਜਦੋਂ ਪੂਰੀ ਦੁਨੀਆਂ ਦੇ ਵੱਡੇ ਸਿਆਸਤਦਾਨਾਂ ਤੇ ਮਸ਼ਹੂਰ ਹਸਤੀਆਂ ਦੁਆਰਾ ਸਮੇਂ ਦੀ ਸਰਕਾਰ ਵਿਰੁੱਧ ਬਿਆਨ ਦਿੱਤੇ ਗਏ। ਧਰਨੇ ਉੱਤੇ ਬੈਠੇ ਮੁਲਾਜ਼ਮਾਂ ਨੂੰ ਵੀ ਆਮ ਜਨਤਾ ਅਤੇ ਕਾਰੋਬਾਰਾਂ ਦਾ ਜਰੂਰ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਆਮ ਲੋਕਾਂ ਦਾ ਕੋਈ ਕਸੂਰ ਨਹੀਂ । ਹਰ ਕਾਰਵਾਈ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਆਮ ਜਨਜੀਵਨ ਪ੍ਰਭਾਵਿਤ ਨਾ ਹੋਵੇ, ਕੋਈ ਵੀ ਧਰਨਾ ਹਿੰਸਕ ਨਹੀਂ ਹੋਣਾ ਚਾਹੀਦਾ ।ਪਰ ਹਾਂ ਤੁਹਾਡਾ ਤਰੀਕਾ ਐਨਾ ਕੁ ਸੁਲਝਿਆ ਹੋਣਾ ਚਾਹੀਦਾ ਹੈ ਕਿ ਸਰਕਾਰਾਂ ਤੁਹਾਡੀਆਂ ਮੰਗਾਂ ਮੂਹਰੇ ਆਪ ਗੋਡੇ ਟੇਕ ਦੇਣ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

# ਸਰਦੀ ਦੇ ਮੌਸਮ 'ਚ ਖ਼ੁਸ਼ਕੀ ਤੋਂ ਕਿਵੇਂ ਬਚੀਏ ?

**ਡਾ: ਜਸਵੰਤ ਭੰਡਾਲ**

ਜਿਉਂ ਹੀ ਸਰਦੀ ਸ਼ੁਰੂ ਹੁੰਦੀ ਹੈ, ਠੰਢੀਆਂ ਹਵਾਵਾਂ ਚਲਣ ਲੱਗਦੀਆਂ ਹਨ, ਜਿਨ੍ਹਾਂ ਦੇ ਚੱਲਣ ਕਾਰਨ ਚਮੜੀ 'ਚ ਖ਼ੁਸ਼ਕੀ ਆਉਣ ਲੱਗਦੀ ਹੈ। ਜੇਕਰ ਉਸ ਖ਼ੁਸ਼ਕੀ ਨੂੰ ਸਮਾਂ ਰਹਿੰਦਿਆਂ ਸਹੀ ਨਮੀ ਵਿਚ ਨਾ ਬਦਲਿਆ ਜਾਵੇ ਤਾਂ ਚਮੜੀ 'ਤੇ ਝੁਰੜੀਆਂ



ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੰਦੀਆਂ ਹਨ। ਖ਼ੂਨ 'ਚ ਆਕਸੀਜਨ ਦੀ ਘਾਟ ਆਉਣ ਨਾਲ ਲੋਕ ਅਨੀਮਿਕ ਲੱਗਣ ਲੱਗਦੇ ਹਨ। ਚਮੜੀ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੇ ਹਾਲਾਤ 'ਚ ਚਮੜੀ ਦੀ ਸਹੀ ਦੇਖਭਾਲ ਜ਼ਰੂਰੀ ਹੋ ਜਾਂਦੀ ਹੈ। ਚਮੜੀ ਰੋਗ ਮਾਹਰਾਂ ਅਨੁਸਾਰ ਚਮੜੀ ਦੀ ਸਹੀ ਦੇਖਭਾਲ ਲਈ ਤਿੰਨ ਪੱਧਰਾਂ 'ਤੇ ਸਾਨੂੰ ਧਿਆਨ ਦੇਣਾ ਚਾਹੀਦਾ ਹੈ, ਜਿਵੇਂ- ਬਾਹਰੀ, ਅੰਦਰੂਨੀ ਅਤੇ ਖਾਣ-ਪੀਣ। ਇਨ੍ਹਾਂ ਤਿੰਨਾਂ ਦੇ ਸੰਤੁਲਿਤ ਮਿਸ਼ਰਣ ਨਾਲ ਅਸੀਂ ਆਪਣੀ ਚਮੜੀ ਦੀ ਸਹੀ ਦੇਖ-ਭਾਲ ਕਰ ਸਕਦੇ ਹਾਂ। ਸਰਦੀਆਂ ਵਿਚ ਵੀ ਜ਼ਿਆਦਾ ਤੋਂ ਜ਼ਿਆਦਾ ਤਰਲ ਖਾਣ ਵਾਲੇ ਪਦਾਰਥਾਂ ਦੀ ਵਰਤੋਂ ਕਰੋ ਜਿਵੇਂ ਤਾਜੇ ਫਲਾਂ ਅਤੇ ਸਬਜ਼ੀਆਂ ਦਾ ਰਸ, ਨਾਰੀਅਲ ਪਾਣੀ, ਸਬਜ਼ੀਆਂ ਦਾ ਸੂਪ ਆਦਿ। ਇਸ ਮੌਸਮ ਵਿਚ ਕੱਚੇ ਸਲਾਦ ਦੇ ਰੂਪ ਵਿਚ ਸਬਜ਼ੀਆਂ, ਮੂਲੀ, ਚੁਕੰਦਰ, ਗਾਜਰ, ਸ਼ਲਗਮ, ਫੁੱਲ ਗੋਭੀ, ਆਂਵਲਾ, ਬਰੋਕਲੀ, ਪੱਤਾ ਗੋਭੀ ਆਦਿ ਖਾਓ। ਹਰੀਆਂ ਪੱਤੇਦਾਰ ਸਬਜ਼ੀਆਂ ਦੀ ਵਰਤੋਂ, ਹਰ ਤਰ੍ਹਾਂ ਦੇ ਸਾਗ, ਤਾਜੇ ਫਲ, ਦਲੀਆ, ਖਿਚੜੀ ਆਦਿ ਖ਼ੂਬ ਖਾਓ। ਵਿਟਾਮਿਨ 'ਏ' ਲਈ ਗਾਜਰ ਅਤੇ ਚੁਕੰਦਰ ਦੀ ਵਰਤੋਂ ਕਰੋ। ਇਸ ਨਾਲ ਚਮੜੀ ਵਿਚ ਚਮਕ ਆਉਂਦੀ ਹੈ। ਵਿਟਾਮਿਨ 'ਸੀ' ਦਾ ਭਰਪੂਰ ਉਪਯੋਗ ਕਰੋ ਜਿਵੇਂ ਸੰਤਰਾ, ਕਿੰਨੂ, ਆਂਵਲਾ, ਅਨਾਨਾਸ ਆਦਿ, ਇਨ੍ਹਾਂ ਸਭ ਨੂੰ ਧੁੱਪ ਦੇ ਸਮੇਂ ਹੀ ਖਾਓ। ਚਮੜੀ ਦੇ ਸਹੀ ਇਲਾਜ ਲਈ ਚਮੜੀ ਦੀ ਕਿਸਮ ਨੂੰ ਵੀ ਜਾਣਨਾ ਜ਼ਰੂਰੀ ਹੈ। ਰੇਸ਼ਾ (ਕਫ਼) ਪ੍ਰਭਾਵ ਵਾਲੇ ਲੋਕਾਂ ਨੂੰ ਸਰਦੀਆਂ ਵਿਚ ਜ਼ਿਆਦਾ ਪ੍ਰੇਸ਼ਾਨੀ ਹੁੰਦੀ ਹੈ। ਸਰੀਰ 'ਚ ਪੱਕੇ ਤੌਰ 'ਤੇ ਠੰਢ ਬਣੀ ਰਹਿਣ ਕਾਰਨ ਸੋਜ਼ ਅਤੇ ਮੋਟਾਪੇ ਦੀ ਸਮੱਸਿਆ ਹੋ ਸਕਦੀ ਹੈ। ਰੇਸ਼ਾ ਹੋਣ ਕਾਰਨ ਚਮੜੀ 'ਤੇ ਸ਼ਾਹੀਆਂ ਵਧਣ ਲੱਗਦੀਆਂ ਹਨ, ਵਾਲ ਵਧੇਰੇ ਝੜਦੇ ਹਨ, ਵਾਲ ਖ਼ੁਸ਼ਕ ਹੋ ਜਾਂਦੇ ਹਨ, ਚਮੜੀ ਦਾ ਰੰਗ ਵੀ ਕਾਲਾ ਪੈਣ ਲੱਗਦਾ ਹੈ, ਹੱਥਾਂ-ਪੈਰਾਂ ਦੇ ਨਹੁੰ ਆਪਣੇ-ਆਪ ਛੇਤੀ ਟੁੱਟਣ ਲੱਗਦੇ ਹਨ। ਪਿਤ ਭਾਵ ਗਰਮ ਪ੍ਰਭਾਵ ਵਾਲੀ ਚਮੜੀ ਵਾਲੇ ਲੋਕਾਂ ਦੇ ਸਰੀਰ ਵਿਚ ਗਰਮੀ ਵਧੇਰੇ ਹੁੰਦੀ ਹੈ ਅਤੇ ਪਾਣੀ ਦਾ ਪ੍ਰਵਾਹ ਜ਼ਿਆਦਾ ਹੁੰਦਾ ਹੈ, ਛੋਟੇ-ਛੋਟੇ ਮੁੰਹਾਂਸੇ (ਕਿਲ੍ਹ) ਨਿਕਲ ਆਉਂਦੇ ਹਨ। ਪੀਣ ਲਈ ਕੋਸੇ ਪਾਣੀ ਦੀ ਵਰਤੋਂ ਕਰੋ। ਰੇਸ਼ਾ ਅਤੇ ਵਾਤ ਵਾਲੇ ਲੋਕਾਂ ਨੂੰ ਫੇਸ਼ੀਅਲ ਕਰਵਾਉਂਦੇ ਰਹਿਣਾ ਚਾਹੀਦਾ ਅਤੇ ਪਾਣੀ ਵਾਲੀ ਭਾਫ਼ ਜ਼ਰੂਰੀ ਲੈਣੀ ਚਾਹੀਦੀ ਹੈ ਤਾਂ ਕਿ ਸੁਰਾਖ ਖੁੱਲ੍ਹੇ ਰਹਿਣ। ਕਲਸ਼ ਆਨ ਵੀ ਕਰੀਮ ਵਾਲਾ ਨਾ ਲਾ ਕੇ ਕੇਕ ਵਾਲਾ ਲਗਾ ? ਤਾਂ ਕਿ ਚਿਹਰੇ 'ਤੇ ਚੰਗੀ ਤਰ੍ਹਾਂ ਸਮਾ ਸਕੇ। ਕੋਸੇ ਪਾਣੇ ਨਾਲ ਇਸ਼ਨਾਨ ਕਰ ਕੇ ਸਰੀਰ 'ਤੇ ਹਲਕਾ ਜਿਹਾ ਨਾਰੀਅਲ ਤੇਲ, ਆਲਿਵ ਜੈਤੂਨ ਦਾ ਤੇਲ ਜਾਂ ਬਾਡੀ ਮਾਈਸਚਰ ਜ਼ਰੂਰ ਲਗਾਓ ਤਾਂ ਕਿ ਚਮੜੀ ਨਰਮ ਬਣੀ ਰਹੇ। ਹੱਥਾਂ-ਪੈਰਾਂ ਨੂੰ ਧੋਣ ਤੋਂ ਬਾਅਦ ਉਨ੍ਹਾਂ 'ਤੇ ਹੱਥਾਂ ਨਾਲ ਲੋਸ਼ਨ ਲਗਾਓ ਤਾਂ ਕਿ ਉਂਗਲੀਆਂ ਫਟਣ ਨਾ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



ਬੀ.ਸੀ. ਵਿੱਚ ਕੋਵਿਡ-19




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA

# ਕਬਜ਼ ਤੋਂ ਬਚ ਗਏ ਤਾਂ ਕਈ ਰੋਗਾਂ ਤੋਂ ਬਚ ਗਏ

ਡਾ: ਅਦਿੱਤੀ ਸ਼ਰਮਾ

ਕਬਜ਼ ਨੂੰ ਰੋਗਾਂ ਦੀ ਜਨਮ ਦਾਤੀ ਮੰਨਿਆ ਗਿਆ ਹੈ। ਕਬਜ਼ ਤੋਂ ਛੁਟਕਾਰਾ ਪਾਉਣ ਲਈ ਸਭ ਤੋਂ ਵਧੀਆ ਤਰੀਕਾ ਆਪਣੇ ਖਾਣ-ਪੀਣ ਵਿਚ ਤੇਜ਼ੀ ਨਾਲ ਤਬਦੀਲੀ ਲਿਆ?। ਖਾਣ-ਪੀਣ ਸਿਹਤ ਨੂੰ ਸਿੱਧਾ ਪ੍ਰਭਾਵਿਤ ਕਰਦਾ ਹੈ। ਖਾਣ-ਪੀਣ 'ਚ ਅਜਿਹੇ ਖਾਧ ਪਦਾਰਥਾਂ ਨੂੰ ਸ਼ਾਮਿਲ ਕਰੋ ਜਿਸ ਨਾਲ ਪੇਟ ਦੀ ਸਫ਼ਾਈ ਹੁੰਦੀ ਰਹੇ। ਛੋਲੇ ਕਬਜ਼ ਲਈ ਬਹੁਤ ਲਾਭਦਾਇਕ ਹਨ। ਹਰ ਦਿਨ ਸਵੇਰੇ ਪੁੰਗਰੀ ਮੂੰਗੀ ਜਾਂ ਛੋਲੇ ਆਦਿ ਦੀ ਵਰਤੋਂ ਕਰੋ ਜੋ ਪੇਟ ਦੀਆਂ ਬਿਮਾਰੀਆਂ ਲਈ ਲਾਭਦਾਇਕ ਹਨ। ਕਣਕ ਦਾ ਦਲੀਆ ਖਾਣਾ ਖ਼ਾਸ ਤੌਰ 'ਤੇ ਲਾਭਕਾਰੀ ਹੈ। ਇਸ ਤੋਂ ਇਲਾਵਾ ਕਣਕ ਨੂੰ ਉਬਾਲ ਕੇ ਨਮਕ ਮਿਲਾ ਕੇ ਖਾਣਾ ਅਤੇ ਖਜੂਰ, ਕਿਸ਼ਮਿਸ਼, ਕੱਚੇ ਨਾਰੀਅਲ ਆਦਿ ਦੀ ਵਰਤੋਂ ਵੀ ਕਬਜ਼ ਤੋਂ ਰਾਹਤ ਦਿਵਾਉਂਦੀ ਹੈ।

ਆਪਣੀ ਖ਼ੁਰਾਕ ਵਿਚ ਸਾਗ, ਸਬਜ਼ੀਆਂ, ਦੁੱਧ, ਦਹੀਂ ਆਦਿ ਦੀ ਵਧੇਰੇ ਵਰਤੋਂ ਕਰੋ। ਮੌਸਮੀ ਫਲਾਂ ਵਿਸ਼ੇਸ਼ ਕਰਕੇ ਪਪੀਤਾ, ਅੰਬ ਅਤੇ ਅਮਰੂਦ ਦੀ ਭਰਪੂਰ ਮਾਤਰਾ 'ਚ ਵਰਤੋਂ ਕਰੋ। ਬਾਦਾਮ ਜਾਂ ਬਾਦਾਮ ਤੋਂ ਬਣੇ ਪਦਾਰਥਾਂ ਨੂੰ ਖਾਣ ਨਾਲ ਵੀ ਕਬਜ਼ ਤੋਂ ਛੁਟਕਾਰਾ ਮਿਲਦਾ ਹੈ। ਬਾਦਾਮ ਕਾਰਬੋਹਾਈਡ੍ਰੇਟ ਦਾ ਉੱਤਮ ਸਰੋਤ ਹੈ ਜੋ ਕਬਜ਼, ਗੈਸ ਅਤੇ ਬੁਖਾਰ ਆਦਿ ਰੋਗਾਂ ਤੋਂ ਛੁਟਕਾਰਾ ਦਿਵਾਉਂਦਾ ਹੈ।

ਕੁਝ ਖਾਧ ਪਦਾਰਥ ਅਜਿਹੇ ਵੀ ਹਨ, ਜਿਨ੍ਹਾਂ ਦੀ ਜ਼ਿਆਦਾ ਵਰਤੋਂ ਨਾਲ ਕਬਜ਼ ਹੋ ਜਾਂਦੀ ਹੈ, ਜਿਵੇਂ ਕਾਫ਼ੀ, ਚਾਹ, ਸ਼ਰਾਬ, ਮਸਾਲੇਦਾਰ ਖਾਣੇ, ਫਾਸਟ ਫੂਡ, ਮੈਦਾ, ਵੇਸਣ ਆਦਿ। ਇਸ ਲਈ ਖਾਣ-ਪੀਣ 'ਚ ਅਜਿਹੀਆਂ ਚੀਜ਼ਾਂ ਨੂੰ ਘੱਟ ਤੋਂ ਘੱਟ ਵਰਤੋ। ਮਾਸਾਹਾਰ ਦਾ ਹਰ ਹਾਲ 'ਚ ਤਿਆਗ ਕਰੋ।

ਖਾਣ-ਪੀਣ ਤੋਂ ਇਲਾਵਾ ਆਪਣੇ ਦਿਨ ਭਰ ਦੇ ਖਾਣ-ਪੀਣ ਨੂੰ ਵੀ ਸੁਚੱਜਾ ਬਣਾ?। ਅਨਿਯਮਤ ਜੀਵਨ-ਸ਼ੈਲੀ ਦਾ ਤਿਆਗ ਵੀ ਕਬਜ਼ ਵਰਗੀਆਂ ਸ਼ਿਕਾਇਤਾਂ ਤੋਂ ਛੁਟਕਾਰਾ ਦਿਵਾਉਂਦਾ ਹੈ। ਸਮੇਂ ਸਿਰ ਭੋਜਨ ਕਰੋ। ਜ਼ਿਆਦਾ ਚਿੰਤਾ, ਤਣਾਅ ਅਤੇ ਨਕਾਰਾਤਮਿਕ ਵਿਚਾਰਾਂ ਨਾਲ ਆਪਣੀ ਮਾਨਸਿਕ ਸਿਹਤ ਨੂੰ ਖਰਾਬ ਨਾ ਹੋਣ ਦਿ?। ਪੂਰੀ ਤਰ੍ਹਾਂ ਨੀਂਦ ਲ?। ਸਵੇਰੇ ਜਲਦੀ ਉਠ ਕੇ ਸੈਰ ਕਰੋ ਜਾਂ ਕਸਰਤ ਲਈ ਜਾ?। ਹਰ ਰੂਪ 'ਚ ਕਸਰਤ ਜ਼ਰੂਰ ਕਰੋ। ਇਸ ਨਾਲ ਪਾਚਣ-ਤੰਤਰ ਵੀ ਠੀਕ ਰਹਿੰਦਾ ਹੈ ਅਤੇ ਭੋਜਨ ਠੀਕ ਢੰਗ ਨਾਲ ਪਚਣ ਲਗਦਾ ਹੈ। ਅਜਿਹੀ ਸਥਿਤੀ ਵਿਚ ਕਬਜ਼ ਦਾ ਬਿਨਾਂ ਦਵਾਈ ਦੇ ਖ਼ਾਤਮਾ ਹੋਣਾ ਨਿਸਚਿਤ ਹੈ।

## ਬਚਾਅ ਦੇ ਨੁਸਖੇ

- ਨਿੰਬੂ ਦਾ ਰਸ ਅਤੇ ਸ਼ੱਕਰ ਦੋਵਾਂ ਨੂੰ ਬਰਾਬਰ ਮਾਤਰਾ 'ਚ ਲੈ ਕੇ ਇਕ ਗਿਲਾਸ ਪਾਣੀ 'ਚ ਮਿਲਾ ਕੇ ਲਗਾਤਾਰ ਪੀਣ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ। ਪੁਰਾਣੀ ਤੋਂ ਪੁਰਾਣੀ ਕਬਜ਼ ਵੀ ਦੂਰ ਹੋ ਜਾਂਦੀ ਹੈ।' ਅਮਰੂਦ ਵੀ ਕਬਜ਼ ਤੋਂ ਛੁਟਕਾਰਾ ਦਿਵਾਉਂਦਾ ਹੈ। ਭੋਜਨ ਤੋਂ ਪਹਿਲਾਂ ਅਮਰੂਦ ਖਾ ਕੇ ਉਸ ਤੋਂ ਬਾਅਦ ਦੁੱਧ ਪੀਣ ਨਾਲ ਕਬਜ਼ ਦਾ ਖ਼ਾਤਮਾ ਹੋ ਜਾਂਦਾ ਹੈ।
- ਸਵੇਰੇ ਪੱਕਾ ਹੋਇਆ ਪਪੀਤਾ ਖਾ ਕੇ ਦੁੱਧ ਪੀਣ ਨਾਲ ਕਬਜ਼ ਤੋਂ ਖ਼ਤਮ ਹੋ ਜਾਂਦੀ ਹੈ।' ਸੰਗਤਰੇ ਦੀ ਵਰਤੋਂ ਤੁਹਾਡੀ ਪਾਚਣ ਸ਼ਕਤੀ 'ਚ ਨਾ ਕੇਵਲ ਵਾਧਾ ਕਰਦੀ ਹੈ, ਸਗੋਂ ਇਸ ਦਾ ਰਸ ਹਰ ਰੋਜ਼ ਸਵੇਰੇ ਨਾਸ਼ਤੇ 'ਚ ਸ਼ਾਮਿਲ ਕਰਨ ਨਾਲ ਕਬਜ਼ ਤੋਂ ਛੁਟਕਾਰਾ ਵੀ ਮਿਲਦਾ ਹੈ।
- ਜੇਕਰ ਹਰ ਦਿਨ 100 ਗ੍ਰਾਮ ਕੱਚਾ ਟਮਾਟਰ ਖਾਧਾ ਜਾਵੇ ਅਤੇ ਬਾਅਦ 'ਚ ਪਾਣੀ ਨਾ ਪੀਤਾ ਜਾਵੇ ਤਾਂ ਕਬਜ਼ ਨਹੀਂ ਹੁੰਦੀ।
- ਬਾਥੂ ਦੀ ਵਰਤੋਂ ਵੀ ਕਬਜ਼ 'ਚ ਲਾਭਕਾਰੀ ਹੈ। ਬਾਥੂ ਗੁਣਕਾਰੀ ਹੋਣ ਕਰਕੇ ਜੇਕਰ ਇਸ ਦੀ ਵਰਤੋਂ ਸਬਜ਼ੀ ਵਿਚ ਹਰ ਰੋਜ਼ ਕੀਤੀ ਜਾਵੇ ਤਾਂ ਕਬਜ਼ ਹਮੇਸ਼ਾ ਲਈ ਖ਼ਤਮ ਹੋ ਜਾਂਦੀ ਹੈ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
Our Symbol of Care & Service
604 507 1000



Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance




ਸਰਦੀਆਂ ਵਿੱਚ ਨਿੱਘਾ।
ਗਰਮੀਆਂ ਵਿੱਚ ਠੰਡਾ।

ਹੀਟ ਪੰਪ 'ਤੇ ਸਵਿੱਚ ਕਰਕੇ ਸਾਲ ਭਰ ਆਰਾਮ ਦਾ ਆਨੰਦ ਲਓ।

ਹੀਟ ਪੰਪ ਇਲੈਕਟ੍ਰਿਕ ਹੁੰਦੇ ਹਨ, ਊਰਜਾ ਦੀ ਬਚਤ ਕਰਦੇ ਹਨ ਅਤੇ ਤੁਹਾਡੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

ਜਾਣੋ ਕਿ ਜਦੋਂ ਤੁਸੀਂ ਤੇਲ, ਕੁਦਰਤੀ ਗੈਸ ਜਾਂ ਪ੍ਰੋਪੇਨ ਤੋਂ ਇਲੈਕਟ੍ਰਿਕ ਹੀਟ ਪੰਪ 'ਤੇ ਸਵਿੱਚ ਕਰਦੇ ਹੋ ਤਾਂ ਕਲੀਨਬੀਸੀ ਛੋਟਾਂ ਨਾਲ ਹਜ਼ਾਰਾਂ ਡਾਲਰਾਂ ਦੀ ਬਚਤ ਕਿਵੇਂ ਕੀਤੀ ਜਾ ਸਕਦੀ ਹੈ।

ਭਾਗ ਲੈਣ ਵਾਲੀਆਂ ਮਿਊਂਸਪੈਲਟੀਆਂ ਵਿੱਚ ਵਾਧੂ ਛੋਟਾਂ ਉਪਲਬਧ ਹਨ।

ਚੋਣਵੇਂ ਅਪਗਰੇਡਾਂ 'ਤੇ ਘੱਟ ਵਿਆਜ ਵਾਲੀ ਵਿੱਤੀ ਸਹਾਇਤਾ ਉਪਲਬਧ ਹੈ।

ਵਧੇਰੇ ਜਾਣੋ: BetterHomesBC.ca/about-us

BRITISH COLUMBIA
cleanBC BETTER HOMES
Funded in part by:
Financé en partie par :
Canada



# Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ

हिंदी

**SURREY**
**(604) 502 - 0441**
FAX (604) 502-0417

5-8430 128TH ST.
SURREY, BC
V3W 4G3

| | |
|---|---|
| MON-FRI | 8 AM - 8 PM |
| SATURDAY | 9 AM - 6 PM |
| SUNDAY | 9 AM - 5 PM |

**VANCOUVER**
**(604) 325 - 1241**
FAX (604) 325-1414

4038 KNIGHT ST.
VANCOUVER, BC
V5N 5Y7

| | |
|---|---|
| MON-FRI | 9 AM - 8 PM |
| SATURDAY | 9 AM - 5 PM |
| SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca

Practice Social Distancing

Please wear a face mask or face covering before entry

fruiticana hee jaana!

Your one and only Surrey owned Punjabi store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

# LOWEST PRICES IN TOWN

ਸ਼ਹਿਰ ਦੇ ਸੱਭ ਤੋਂ ਘੱਟ ਦਾਮ

Green Bell Peppers
ਹਰੀ ਸ਼ਿਮਲਾ ਮਿਰਚਾਂ
99¢ lb

Nanak Rasmalai (All 3 Flavours)
ਨਾਨਕ ਰਸਮਲਾਈ ਵੱਖ-ਵੱਖ ਫਲੇਵਰ
$6.99 pkg.

Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag

Chickpeas
ਚਿੱਟੇ ਛੋਲੇ
88¢ lb

Chana Dal
ਚਨੇ ਦੀ ਦਾਲ
88¢ lb

Extra Extra Super Special
Roma Tomatoes
ਰੋਮਾ ਟਮਾਟਰ
88¢ lb

Extra Super Super Special
Spinach
ਪਾਲਕ
99¢ bunch

Extra Super Super Special
Yellow Onions 50 lbs
ਪੀਲੇ ਗੰਢੇ
$11.99 bag

Super Special
Fresh Methi
ਤਾਜ਼ਾ ਮੇਥੀ
$1.49 bunch

Super Special
Long Eggplants
ਲੰਬੇ ਬਤਾਊਂ
99¢ lb

Super Special
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag

Super Special
Indian Eggplants
ਦੇਸੀ ਬਤਾਊਂ
99¢ lb

Super Special
Red Lentil Whole
ਸਾਬਤ ਮਸਰਾਂ ਦੀ ਦਾਲ
78¢ lb

Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4.49 lb

Cilantro
ਧਣੀਆ
2 bunches for $1.50

Long English Cucumber
ਲੰਬੇ ਇੰਗਲਿਸ਼ ਖੀਰੇ
2 for $1.50

Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb

Daikon (Mooli)
ਮੂਲੀ
99¢ lb

Fresh Ginger
ਤਾਜ਼ਾ ਅਦਰਕ
$1.59 lb

Roasted Peanuts in Shell
ਭੁੱਜੀ ਮੂੰਗਫਲੀ
$1.99 lb

Shakkar (Indican) 1 kg
ਖੰਡ (ਇੰਡੀਕੇਨ)
$2.99 jar

Maggi Masala Noodles 280 g
ਮੈਗੀ ਮਸਾਲਾ ਨੂਡਲਸ
99¢ pkg.

Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle

Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.

Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb

Product images may differ from the actual product.

**Thur Feb 10, 2022 - Wed Feb 16, 2022**

We reserve the right to limit the quantities while they last

**Specials valid for Lower Mainland only**

Head Office: 7676 Anvil Way, Surrey
604-502-0005
www.fruiticana.com

fruiticana SINCE 1994

NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809

BUSINESS HOURS
9 AM - 8 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |